
ਕਾਸ਼ਤ ਅੰਗੂਰਾਂ ਦੀ



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਪੀ ਏ ਯੂ/2007/ਐੱਫ਼/697/ਪੀ-1

ਕਾਸ਼ਤ ਅੰਗੂਰਾਂ ਦੀ

ਮਾਨਵ ਇੰਦਰਾ ਸਿੰਘ ਗਿੱਲ
ਨਰੇਸ਼ ਕੁਮਾਰ ਅਰੋੜਾ

ਬਾਗਬਾਨੀ ਵਿਭਾਗ
ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਲੁਧਿਆਣਾ

ਪਹਿਲਾ ਐਡੀਸ਼ਨ - ਮਈ 2007
ਕਾਪੀਆਂ : 2000

ਸੰਪਾਦਕ
ਗੁਰਭਜਨ ਗਿੱਲ

ਕੀਮਤ : 10 ਰੁਪਏ

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ ਸੰਚਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ ਛਪਵਾਇਆ ।
pau_comm@pau.edu; pau.comm@gmail.com

ਕਵਰ ਡਿਜ਼ਾਈਨ : ਮਨਮੋਹਨ ਸਿੰਘ

ਤਤਕਰਾ

ਅਧਿਆਏ	ਸਫ਼ਾ ਨੰਬਰ
ਕਿਸਮਾਂ	1
ਨਸਲੀ ਵਾਧਾ	3
ਅੰਗੂਰਾਂ ਦੇ ਬੂਟੇ ਲਾਉਣਾ ਅਤੇ ਉਨ੍ਹਾਂ ਦੀ ਦੇਖਭਾਲ	4
ਸਿੰਚਾਈ	5
ਖਾਦਾਂ ਦੀ ਵਰਤੋਂ ਅਤੇ ਨਦੀਨਾਂ ਦੀ ਰੋਕਥਾਮ	7
ਟ੍ਰੇਨਿੰਗ ਅਤੇ ਕਾਂਟ ਛਾਂਟ	10
ਫ਼ਲ-ਮਿਆਰ ਸੁਧਾਰ	15
ਅੰਗੂਰਾਂ ਦੀ ਤੁੜਾਈ, ਦਰਜ਼ਾਬੰਦੀ ਅਤੇ ਮੰਡੀਕਰਨ	17
ਕੀੜੇ-ਮਕੌੜੇ ਅਤੇ ਬੀਮਾਰੀਆਂ	20
ਅੰਗੂਰਾਂ ਦੀਆਂ ਹੋਰ ਸਮੱਸਿਆਵਾਂ	25
ਅੰਗੂਰ ਪੈਦਾ ਕਰਨ ਦਾ ਹਿਸਾਬ-ਕਿਤਾਬ	26
ਸਾਲ ਭਰ ਦੇ ਕੰਮਾਂ ਦਾ ਕੈਲੰਡਰ	28

ਭੂਮਿਕਾ

ਅੰਗੂਰਾਂ ਦੀ ਕਾਸ਼ਤ ਦੁਨੀਆਂ ਭਰ ਵਿੱਚ ਸਭ ਤੋਂ ਪਹਿਲਾਂ ਇੱਕ ਅਜਿਹੇ ਇਲਾਕੇ ਤੋਂ ਸ਼ੁਰੂ ਹੋਈ ਜਿੱਥੇ ਨਾ ਤਾਂ ਬਹੁਤ ਸਰਦੀ ਅਤੇ ਨਾ ਹੀ ਬਹੁਤ ਗਰਮੀ ਹੁੰਦੀ ਹੈ। ਫ਼ਲਦਾਰ ਬੂਟਿਆਂ ਵਿੱਚੋਂ ਅੰਗੂਰ ਇੱਕ ਅਜਿਹਾ ਫ਼ਲ ਹੈ ਜਿਹੜਾ ਦੁਨੀਆਂ ਭਰ ਵਿੱਚ ਬਹੁਤ ਸਰਦੀ, ਗਰਮੀ ਅਤੇ ਉਨ੍ਹਾਂ ਇਲਾਕਿਆਂ ਜਿੱਥੇ ਨਾ ਬਹੁਤ ਸਰਦੀ ਅਤੇ ਨਾ ਬਹੁਤ ਗਰਮੀ ਹੋਵੇ, ਵਿੱਚ ਸਫ਼ਲਤਾਪੂਰਵਕ ਉਗਾਇਆ ਜਾਂਦਾ ਹੈ। ਇਸੇ ਤਰ੍ਹਾਂ ਭਾਰਤ ਵਿੱਚ ਵੀ ਅੰਗੂਰ ਉੱਤਰ ਤੋਂ ਦੱਖਣ ਵਿੱਚ ਹੋਣ ਵਾਲੇ ਵੱਖ-ਵੱਖ ਤਾਪਮਾਨ ਵਿੱਚ ਲਾਇਆ ਜਾਂਦਾ ਹੈ। ਪਰ ਅੰਗੂਰਾਂ ਹੇਠ ਸਭ ਤੋਂ ਵੱਧ ਰਕਬਾ ਦੱਖਣੀ ਭਾਰਤ ਦੇ ਇਲਾਕਿਆਂ ਜਿਵੇਂ ਕਿ ਮਹਾਰਾਸ਼ਟਰ, ਕਰਨਾਟਕਾ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਿੱਚ ਹੈ। ਉੱਤਰੀ ਭਾਰਤ ਵਿੱਚ ਅੰਗੂਰ ਪੰਜਾਬ, ਹਰਿਆਣਾ ਅਤੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਵਿੱਚ ਲਾਇਆ ਜਾਂਦਾ ਹੈ। ਪੰਜਾਬ ਵਿੱਚ ਅੰਗੂਰਾਂ ਦੀ ਕਾਸ਼ਤ ਜ਼ਿਆਦਾ ਤਰ, ਖੁਸ਼ਕ ਸੇਂਜੂ ਇਲਾਕਿਆਂ ਜਿਵੇਂ ਕਿ ਬਠਿੰਡਾ, ਫ਼ਿਰੋਜ਼ਪੁਰ, ਮੁਕਤਸਰ, ਮਾਨਸਾ ਆਦਿ ਜ਼ਿਲਿਆਂ ਵਿੱਚ ਕੀਤੀ ਜਾਂਦੀ ਹੈ। ਛੋਟੇ ਪੱਧਰ ਤੇ ਅੰਗੂਰ ਪੰਜਾਬ ਦੇ ਮੁੱਢਲੇ ਇਲਾਕਿਆਂ ਜਿਵੇਂ ਕਿ ਲੁਧਿਆਣਾ ਆਦਿ ਵਿੱਚ ਵੀ ਲਾਇਆ ਜਾਂਦਾ ਹੈ। ਇਸ ਵੇਲੇ ਪੰਜਾਬ ਵਿੱਚ ਅੰਗੂਰਾਂ ਹੇਠ ਕੁੱਲ ਰਕਬਾ 1119 ਹੈਕਟੇਅਰ ਹੈ ਜਿਸ ਦੀ ਕੁੱਲ ਪੈਦਾਵਾਰ 30212 ਮੀਟਰਿਕ ਟਨ ਹੈ।

ਪੰਜਾਬ ਵਿੱਚ ਅੰਗੂਰਾਂ ਦੀ ਇੱਕ ਸਾਲ ਵਿੱਚ ਇੱਕ ਫ਼ਸਲ ਹੀ ਲਈ ਜਾਂਦੀ ਹੈ, ਪਰ ਦੱਖਣੀ ਭਾਰਤ ਵਿੱਚ ਘੱਟ ਸਰਦੀ ਹੋਣ ਕਾਰਨ ਦੋ ਜਾਂ ਤਿੰਨ ਫ਼ਸਲਾਂ ਵੀ ਲਈਆਂ ਜਾਂਦੀਆਂ ਹਨ। ਪੰਜਾਬ ਵਿੱਚ ਦੱਖਣੀ ਭਾਰਤ ਨਾਲੋਂ ਜ਼ਿਆਦਾ ਸਰਦੀ ਹੋਣ ਕਾਰਨ ਅੰਗੂਰ ਦੀਆਂ ਵੇਲਾਂ ਦਸੰਬਰ ਤੋਂ ਅੱਧ ਫ਼ਰਵਰੀ ਤੱਕ ਸਿਥਲ ਅਵਸਥਾ ਵਿੱਚ ਚਲੀਆਂ ਜਾਂਦੀਆਂ ਹਨ, ਜਿਸ ਦੌਰਾਨ ਵੇਲਾਂ ਦੇ ਸਾਰੇ ਪੱਤੇ ਝੜ ਜਾਂਦੇ ਹਨ। ਤਾਪਮਾਨ ਥੋੜਾ ਗਰਮ ਹੋਣ ਤੇ ਵੇਲਾਂ ਦੁਬਾਰਾ ਫੁੱਟ ਪੈਂਦੀਆਂ ਹਨ। ਇਸ ਤੋਂ ਬਾਅਦ ਮਾਰਚ ਮਹੀਨੇ ਵਿੱਚ ਫੁੱਲ ਅਤੇ ਮਈ-ਜੂਨ ਵਿੱਚ ਫ਼ਲ ਤਿਆਰ ਹੋ ਜਾਂਦਾ ਹੈ। ਪੰਜਾਬ ਵਿੱਚ ਵੱਡੇ ਪੱਧਰ ਤੇ ਅੰਗੂਰਾਂ ਦੀ ਇੱਕੋ ਹੀ ਕਿਸਮ-ਪਰਲਟ ਲੱਗੀ ਹੋਈ ਹੈ, ਜੋ ਕਿ ਅਗੇਤੀ ਕਿਸਮ ਹੈ ਅਤੇ ਇਸ ਦਾ ਫ਼ਲ ਮਈ ਦੇ ਆਖਰੀ ਹਫ਼ਤੇ ਤੋਂ ਲੈ ਕੇ ਜੂਨ ਦੇ ਪਹਿਲੇ ਹਫ਼ਤੇ ਤੱਕ ਪੱਕ ਜਾਂਦਾ ਹੈ। ਪੰਜਾਬ ਦਾ ਮੌਸਮ ਅਤੇ ਵੱਡੀ ਪੱਧਰ ਤੇ ਲੱਗੀ ਇੱਕੋ ਹੀ ਕਿਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਅੰਗੂਰਾਂ ਦੀ ਖੇਤੀ ਤੋਂ ਵੱਧ ਮੁਨਾਫ਼ਾ ਲੈਣ ਲਈ ਨਵੀਆਂ ਕਿਸਮਾਂ, ਅੰਗੂਰਾਂ ਦਾ ਮਿਆਰ ਸੁਧਾਰ ਅਤੇ ਨਵੇਂ ਟ੍ਰੇਨਿੰਗ ਸਿਸਟਮ ਦੀ ਸਿਫ਼ਾਰਿਸ਼ ਕੀਤੀ ਹੈ। ਜੋ ਕਿ ਆਉਣ ਵਾਲੇ ਸਾਲਾਂ ਵਿੱਚ ਅੰਗੂਰ ਲਾਉਣ ਵਾਲੇ ਬਾਗਬਾਨਾਂ ਲਈ ਬਹੁਤ ਲਾਹੇਵੰਦ ਹੋਣਗੇ।

ਅਧਿਆਏ - 1

ਕਿਸਮਾਂ

ਦੁਨੀਆਂ ਭਰ ਵਿੱਚ ਅੰਗੂਰਾਂ ਦੀਆਂ ਇੱਕ ਹਜ਼ਾਰ ਤੋਂ ਵੱਧ ਕਿਸਮਾਂ ਹਨ, ਪਰ ਵੱਡੇ ਪੱਧਰ ਤੇ ਲੱਗੀਆਂ ਕਿਸਮਾਂ ਸੌ ਨਾਲੋਂ ਵੀ ਘੱਟ ਹਨ। ਜ਼ਿਆਦਾ ਵਿਕਸਤ ਦੇਸ਼ ਜਿਵੇਂ ਕਿ ਅਮਰੀਕਾ, ਫਰਾਂਸ, ਇਟਲੀ ਅਤੇ ਅਸਟਰੇਲੀਆਂ ਵਿੱਚ ਅੰਗੂਰ ਮੁੱਖ ਤੌਰ ਤੇ ਵਾਈਨ, ਜੂਸ ਅਤੇ ਸੌਗੀ ਬਣਾਉਣ ਵਾਸਤੇ ਉਗਾਏ ਜਾਂਦੇ ਹਨ। ਪਰ ਇਸ ਦੇ ਉਲਟ ਵਿਕਾਸਸ਼ੀਲ ਦੇਸ਼ ਜਿਵੇਂ ਕਿ ਭਾਰਤ ਆਦਿ ਵਿੱਚ ਵੱਡੀ ਮਾਤਰਾ (ਤਕਰੀਬਨ 90 ਪ੍ਰਤੀਸ਼ਤ ਤੋਂ ਉੱਤੇ) ਵਿੱਚ ਅੰਗੂਰ, ਖਾਣ ਦੇ ਤੌਰ ਤੇ ਵਰਤੀਆਂ ਜਾਣ ਵਾਲੀਆਂ ਕਿਸਮਾਂ ਦੇ ਹੀ ਲਾਏ ਜਾਂਦੇ ਹਨ। ਅਨਾਬ-ਏ-ਸ਼ਾਹੀ, ਥੌਮਸਨ ਸੀਡਲੈੱਸ, ਸ਼ਰਦ ਸੀਡਲੈੱਸ ਅਤੇ ਪਰਲਟ ਭਾਰਤ ਦੀਆਂ ਮੁੱਖ ਖਾਣ ਵਾਲੀਆਂ ਅੰਗੂਰਾਂ ਦੀਆਂ ਕਿਸਮਾਂ ਹਨ। ਭਾਰਤ ਵਿੱਚ ਜੂਸ ਦੇ ਤੌਰ ਤੇ ਉਗਾਈ ਜਾਣ ਵਾਲੀ ਕਿਸਮ ਬੈਂਗਲੌਰ ਬਲਿਊ ਹੈ ਜੋ ਕਿ ਮੁੱਖ ਤੌਰ ਤੇ ਕਰਨਾਟਕਾ ਪ੍ਰਾਂਤ ਵਿੱਚ ਉਗਾਈ ਜਾਂਦੀ ਹੈ। ਦੁਨੀਆਂ ਭਰ ਵਿੱਚ ਥੌਮਸਨ ਸੀਡਲੈੱਸ ਕਿਸਮ ਤੋਂ ਸੌਗੀ ਤਿਆਰ ਕੀਤੀ ਜਾਂਦੀ ਹੈ । ਪੰਜਾਬ ਵਿੱਚ ਸੌ ਪ੍ਰਤੀਸ਼ਤ ਇੱਕੋ ਕਿਸਮ - ਪਰਲਟ ਹੀ ਲੱਗੀ ਹੋਈ ਹੈ, ਜੋ ਕੇ ਅਗੇਤੀ ਪੱਕਣ ਵਾਲੀ ਬੀਜ ਰਹਿਤ ਕਿਸਮ ਹੈ। ਇਸ ਕਾਰਨ ਪੰਜਾਬ ਵਿੱਚ ਅੰਗੂਰਾਂ ਦਾ ਸਾਰਾ ਫ਼ਲ ਇੱਕੋ ਹੀ ਸਮੇਂ ਵਿੱਚ ਪੱਕ ਕੇ ਤਿਆਰ ਹੋ ਜਾਂਦਾ ਹੈ ਅਤੇ ਜ਼ਿਆਦਾ ਮਾਤਰਾ ਵਿੱਚ ਫ਼ਲ ਹੋਣ ਕਾਰਨ ਕੀਮਤਾਂ ਬਹੁਤ ਘੱਟ ਜਾਂਦੀਆਂ ਹਨ। ਅੰਗੂਰਾਂ ਦੇ ਪੱਕਣ ਸਮੇਂ ਬਾਰਸ਼ਾਂ ਦਾ ਵੀ ਬਹੁਤ ਡਰ ਰਹਿੰਦਾ ਹੈ। ਸੋ ਇਨ੍ਹਾਂ ਗੱਲਾਂ ਦਾ ਧਿਆਨ ਰੱਖਦੇ ਹੋਏ ਅੰਗੂਰਾਂ ਵਿੱਚ ਖੋਜ ਦਾ ਮੁੱਖ ਟੀਚਾ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਅਤੇ ਜਾਂ ਉਹ ਕਿਸਮਾਂ ਜਿੰਨ੍ਹਾਂ ਦੇ ਗੁੱਛੇ ਗੁੰਦਵੇਂ ਨਾ ਹੋਣ ਅਤੇ ਜਿਨ੍ਹਾਂ ਤੇ ਬਾਰਸ਼ਾਂ ਦਾ ਅਸਰ ਘੱਟ ਹੋਵੇ, ਵਿਕਸਤ ਕਰਨ ਦੀ ਕੋਸ਼ਿਸ਼ ਜਾਰੀ ਹੈ। ਇਸ ਦੇ ਨਾਲ ਨਾਲ ਉਹ ਕਿਸਮਾਂ ਜਿਨ੍ਹਾਂ ਦੇ ਅੰਗੂਰ ਜੂਸ ਅਤੇ ਚੰਗੀ ਵਾਈਨ ਬਣਾਉਣ ਦੇ ਕਾਬਲ ਹੋਣ, ਬਣਾਉਣ ਦੀ ਵੀ ਖਿੱਚ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਲੋੜ ਨੂੰ ਮਹਿਸੂਸ ਕਰਕੇ ਕੁਝ ਨਵੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਪੰਜਾਬ ਵਿੱਚ ਉਗਾਉਣ ਵਾਸਤੇ ਅੰਗੂਰਾਂ ਦੀਆਂ ਹੇਠ ਲਿਖੀਆਂ ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

1. **ਪਰਲਟ** : ਇਹ ਕਿਸਮ ਪੰਜਾਬ ਵਿੱਚ ਅੰਗੂਰਾਂ ਦੇ ਅਧੀਨ 90 ਪ੍ਰਤੀਸ਼ਤ ਰਕਬੇ ਵਿੱਚ ਲੱਗੀ ਹੋਈ ਹੈ। ਇਸ ਦੇ ਗੁੱਛੇ ਦਰਮਿਆਨੇ ਤੋਂ ਲੰਮੇ, ਸ਼ਰਬਤੀ ਰੰਗ (ਪਲੇਟ 1 ੳ) ਦੇ ਅਤੇ ਭਾਰੇ ਹੁੰਦੇ ਹਨ। ਦਾਣਾ ਆਕਾਰ ਵਿੱਚ ਦਰਮਿਆਨਾ ਅਤੇ ਬੀਜ ਰਹਿਤ ਹੁੰਦਾ ਹੈ। ਇਹ ਕਿਸਮ ਜੂਨ ਦੇ ਪਹਿਲੇ ਹਫ਼ਤੇ ਤੱਕ ਪੱਕ ਜਾਂਦੀ ਹੈ। ਇਸ ਵਿੱਚ ਮਿਠਾਸ 16-18 ਪ੍ਰਤੀਸ਼ਤ ਹੁੰਦੀ ਹੈ। ਇਸ ਕਿਸਮ ਤੇ ਕੁਆਲ੍ਟੀ

ਸੁਧਾਰ ਤਕਨੀਕ ਬਹੁਤ ਅਸਰ ਕਰਦੀ ਹੈ। ਇਸ ਕਿਸਮ ਦਾ ਔਸਤ ਝਾੜ 25 ਕਿਲੋ ਪ੍ਰਤੀ ਵੇਲ ਹੈ।

2. **ਫਲੇਮ ਸੀਡਲੈੱਸ** : ਇਸ ਕਿਸਮ ਦੇ ਗੁੱਛੇ ਦਰਮਿਆਨੇ ਅਤੇ ਹਲਕੇ ਜਾਮਨੀ ਰੰਗ (ਪਲੇਟ 1 ਅ) ਦੇ ਹੁੰਦੇ ਹਨ। ਦਾਣਾ ਆਕਾਰ ਵਿੱਚ ਦਰਮਿਆਨਾ ਅਤੇ ਬੀਜ ਰਹਿਤ ਹੁੰਦਾ ਹੈ। ਪੱਕਣ ਤੇ ਦਾਣੇ ਵਿੱਚ ਮਿਠਾਸ 18 ਪ੍ਰਤੀਸ਼ਤ ਹੁੰਦੀ ਹੈ। ਇਸ ਕਿਸਮ ਤੇ ਕੁਆਲਟੀ ਸੁਧਾਰ ਤਕਨੀਕ ਦਾ ਚੰਗਾ ਅਸਰ ਹੁੰਦਾ ਹੈ। ਅੰਗੂਰਾਂ ਦਾ ਰੰਗ ਇੱਕਸਾਰ ਕਰਨ ਲਈ ਐਥੀਫੋਨ ਦੀ ਸਪਰੇਅ 400 ਪੀ.ਪੀ.ਐਮ. ਮਾਤਰਾ ਵਿੱਚ ਜਦੋਂ ਰੰਗ ਬਦਲ ਰਿਹਾ ਹੋਵੇ, ਕਰ ਦੇਣੀ ਚਾਹੀਦੀ ਹੈ। ਇਹ ਕਿਸਮ ਪਰਲਟ ਨਾਲੋਂ ਇੱਕ ਹਫਤਾ ਪਿਛੇਤੀ ਪੱਕਦੀ ਹੈ। ਇਸ ਕਿਸਮ ਦਾ ਔਸਤ ਝਾੜ 27 ਕਿਲੋ ਪ੍ਰਤੀ ਵੇਲ ਹੈ।

3. **ਬਿਊਟੀ ਸੀਡਲੈੱਸ** : ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਲਈ ਇਹ ਕਿਸਮ ਬਹੁਤ ਢੁਕਵੀਂ ਹੈ। ਇਸ ਕਿਸਮ ਦੇ ਗੁੱਛੇ ਦਰਮਿਆਨੇ, ਗੁੰਦਵੇਂ ਅਤੇ ਗੂੜ੍ਹੇ ਜਾਮਨੀ ਰੰਗ ਦੇ ਹੁੰਦੇ ਹਨ। ਇਸ ਕਿਸਮ ਤੇ ਕੁਆਲਟੀ ਸੁਧਾਰ ਤਕਨੀਕ ਦਾ ਚੰਗਾ ਅਸਰ ਹੁੰਦਾ ਹੈ। ਸੋਧੇ ਹੋਏ ਗੁੱਛਿਆਂ ਦੇ ਅੰਗੂਰ ਦਰਮਿਆਨੇ, ਲੰਬੂਤਰੇ ਅਤੇ ਬੀਜ ਰਹਿਤ ਹੁੰਦੇ ਹਨ। ਪੱਕਣ ਤੇ ਦਾਣੇ ਵਿੱਚ ਮਿਠਾਸ 16-18 ਪ੍ਰਤੀਸ਼ਤ ਹੁੰਦੀ ਹੈ। ਇਹ ਕਿਸਮ ਜੂਨ ਦੇ ਪਹਿਲੇ ਹਫ਼ਤੇ ਵਿੱਚ ਪੱਕ ਜਾਂਦੀ ਹੈ। ਇਸ ਕਿਸਮ ਦਾ ਔਸਤ ਝਾੜ 25 ਕਿਲੋ ਪ੍ਰਤੀ ਵੇਲ ਹੈ।

4. **ਪੰਜਾਬ ਪਰਪਲ** : ਇਹ ਕਿਸਮ ਜੂਸ, ਨੈਕਟਰ ਅਤੇ ਆਰ. ਟੀ. ਐਸ ਬਣਾਉਣ ਲਈ ਢੁਕਵੀਂ ਹੈ। ਇਸ ਕਿਸਮ ਦੇ ਗੁੱਛੇ ਦਰਮਿਆਨੇ, ਘੱਟ ਗੁੰਦਵੇਂ (Loose) ਅਤੇ ਜਾਮਨੀ ਰੰਗ (ਪਲੇਟ 1 ੲ) ਦੇ ਹੁੰਦੇ ਹਨ। ਦਾਣਾ ਆਕਾਰ ਵਿੱਚ ਦਰਮਿਆਨਾ ਅਤੇ ਬੀਜ ਵਾਲਾ ਹੁੰਦਾ ਹੈ। ਪੱਕਣ ਤੇ ਦਾਣੇ ਵਿੱਚ ਮਿਠਾਸ 17-18 ਪ੍ਰਤੀਸ਼ਤ ਹੁੰਦੀ ਹੈ। ਇਸ ਕਿਸਮ ਦੇ ਜੂਸ ਵਿੱਚ ਐਨਥੋਸਾਈਨਿਨ ਕਾਫ਼ੀ ਹੋਣ ਕਾਰਨ ਸਿਹਤ ਵਾਸਤੇ ਲਾਹੇਵੰਦ ਹੈ। ਇਹ ਕਿਸਮ ਜੂਨ ਦੇ ਪਹਿਲੇ ਹਫ਼ਤੇ ਵਿੱਚ ਪੱਕ ਜਾਂਦੀ ਹੈ।

ਅਧਿਆਏ-2

ਨਸਲੀ ਵਾਧਾ

ਹੋਰ ਪੱਤਝੜੀ ਬੂਟਿਆਂ ਤਰ੍ਹਾਂ ਅੰਗੂਰਾਂ ਦੇ ਬੂਟੇ ਵੀ ਕਲਮਾਂ ਅਤੇ ਪਿਊਂਦ ਰਾਹੀਂ ਤਿਆਰ ਕੀਤੇ ਜਾਂਦੇ ਹਨ। ਅੰਗੂਰਾਂ ਵਿੱਚ ਕਲਮਾਂ ਰਾਹੀਂ ਤਿਆਰ ਕੀਤੇ ਗਏ ਬੂਟੇ ਹੀ ਵੱਡੇ ਪੱਧਰ ਤੇ ਲਾਏ ਜਾਂਦੇ ਹਨ। ਜ਼ਿਆਦਾ ਲੂਣ ਜਾਂ ਸੇਮ ਵਾਲੀਆਂ ਜ਼ਮੀਨਾਂ ਵਿੱਚ ਪਿਊਂਦੀ ਬੂਟਿਆਂ ਦੀ ਵਰਤੋਂ ਕਰਨੀ ਹੀ ਲਾਹੇਵੰਦ ਹੈ। ਪੰਜਾਬ ਵਿੱਚ ਲੱਗੇ ਤਕਰੀਬਨ ਸੌ ਪ੍ਰਤੀਸ਼ਤ ਅੰਗੂਰਾਂ ਦੇ ਬਾਗ ਕਲਮਾਂ ਤੋਂ ਹੀ ਤਿਆਰ ਬੂਟਿਆਂ ਦੇ ਹੀ ਹਨ।

ਕਲਮਾਂ ਤਿਆਰ ਕਰਨ ਦਾ ਢੰਗ

ਉਹ ਬੂਟੇ ਜੋ ਤੰਦਰੁਸਤ ਅਤੇ ਬੀਮਾਰੀ ਰਹਿਤ ਹੋਣ ਅਤੇ ਜਿੰਨ੍ਹਾਂ ਤੋਂ ਚੰਗਾ ਫ਼ਲ ਅਤੇ ਵਧੀਆ ਝਾੜ ਮਿਲਦਾ ਹੋਵੇ, ਉਨ੍ਹਾਂ ਤੋਂ ਹੀ ਕਲਮਾਂ (ਪਲੇਟ 2 ੳ) ਤਿਆਰ ਕਰਨੀਆਂ ਚਾਹੀਦੀਆਂ ਹਨ। ਕਲਮਾਂ ਪੈਨਸਿਲ ਦੀ ਮੋਟਾਈ ਦੀਆਂ ਅਤੇ ਜਿੰਨ੍ਹਾਂ ਤੇ ਘੱਟ ਤੋਂ ਘੱਟ ਚਾਰ ਅੱਖਾਂ ਹੋਣ, ਇਕ ਸਾਲ ਪੁਰਾਣੀਆਂ ਟਾਹਣੀਆਂ ਤੋਂ ਬਣਾਉਣੀਆਂ ਚਾਹੀਦੀਆਂ ਹਨ। ਕਲਮਾਂ ਖਾਸ ਤੌਰ ਤੇ ਟਾਹਣੀਆਂ ਦੇ ਸਿਰੇ ਤੋਂ ਨਾ ਬਣਾਉ, ਕਿਉਂਕਿ ਸਿਰੇ ਤੇ ਟਾਹਣੀਆਂ ਘੱਟ ਮੋਟਾਈ ਵਾਲੀਆਂ ਅਤੇ ਬੀਮਾਰੀ ਦੀ ਹਾਲਤ ਵਿੱਚ ਸਭ ਤੋਂ ਜ਼ਿਆਦਾ ਦਾਗੀ ਹੁੰਦੀਆਂ ਹਨ। ਕਲਮਾਂ ਬਣਾਉਣ ਸਮੇਂ ਇਸ ਗੱਲ ਦਾ ਖਾਸ ਖ਼ਿਆਲ ਰੱਖਿਆ ਜਾਵੇ ਕਿ ਕਲਮ ਦਾ ਉੱਪਰ ਵਾਲਾ ਕੱਟ ਅੱਖ ਤੋਂ ਦੂਰ ਅਤੇ ਜ਼ਮੀਨ ਵਿੱਚ ਜਾਣ ਵਾਲਾ ਹਿੱਸਾ ਅੱਖ ਦੇ ਨੇੜੇ ਹੋਣਾ ਚਾਹੀਦਾ ਹੈ, ਜਿਸ ਨਾਲ ਜੜਵਾ (ਪਲੇਟ 2 ਅ) ਚੰਗਾ ਹੋ ਜਾਂਦਾ ਹੈ। ਕਲਮਾਂ ਬਣਾਉਣ ਸਮੇਂ ਸਭ ਤੋਂ ਜ਼ਿਆਦਾ ਇਸ ਗੱਲ ਦਾ ਖ਼ਿਆਲ ਰੱਖੋ ਕਿ ਕਲਮਾਂ ਸਿਥਲ ਅਵਸਥਾ (ਫੁੱਟਣ ਤੋਂ ਪਹਿਲਾਂ) ਹਰ ਹਾਲ ਵਿੱਚ ਬਣਾ ਲੈਣੀਆਂ ਚਾਹੀਦੀਆਂ ਹਨ। ਅੱਧ ਫਰਵਰੀ ਤੋਂ ਪਹਿਲਾਂ ਬਣਾਈਆਂ ਗਈਆਂ ਕਲਮਾਂ ਇਸ ਅਵਸਥਾ ਵਿੱਚ ਹੀ ਹੁੰਦੀਆਂ ਹਨ। ਕਲਮਾਂ ਬਣਾਉਣ ਤੋਂ ਬਾਅਦ ਸੇਬੇ ਨਾਲ ਬੰਨ੍ਹ ਲਓ ਅਤੇ ਇਸ ਤੋਂ ਬਾਅਦ ਇੱਕ ਤੋਂ ਦੋ ਹਫ਼ਤੇ ਲਈ ਨਮੀ ਵਾਲੀ ਮਿੱਟੀ ਵਿੱਚ ਦਬਾ ਦਿਓ। ਇਸ ਤਰ੍ਹਾਂ ਕਰਨ ਨਾਲ ਕਲਮਾਂ ਦੇ ਕੱਟੇ ਹੋਏ ਸਿਰਿਆਂ ਤੋਂ ਕੈਲਸਿੰਗ ਹੋ ਜਾਂਦੀ ਹੈ ਅਤੇ ਇਹ ਜ਼ਿਆਦਾ ਜੜ੍ਹਾਂ ਬਣਾਉਣ ਵਿੱਚ ਸਹਾਇਕ ਹੁੰਦੀ ਹੈ। ਕੈਲਸਿੰਗ ਹੋਣ ਤੋਂ ਬਾਅਦ ਕਲਮਾਂ ਨੂੰ ਅੱਧੇ ਫੁੱਟ ਦੇ ਫ਼ਾਸਲੇ ਤੇ ਕਲਮ ਤੋਂ ਕਲਮ ਅਤੇ ਇੱਕ ਫੁੱਟ ਇੱਕ ਕਤਾਰ ਤੋਂ ਦੂਜੀ ਕਤਾਰ ਵਿੱਚ ਰੱਖ ਕੇ ਜ਼ਮੀਨ ਵਿੱਚ ਲਾਓ। ਕਲਮਾਂ ਲਾਉਣ ਸਮੇਂ ਕਲਮਾਂ ਦਾ ਦੋ ਤਿਹਾਈ ਹਿੱਸਾ ਜ਼ਮੀਨ ਵਿੱਚ ਅਤੇ ਇੱਕ ਤਿਹਾਈ ਹਿੱਸਾ ਜ਼ਮੀਨ ਤੋਂ ਉੱਪਰ ਹੋਣਾ ਚਾਹੀਦਾ ਹੈ। ਕਲਮਾਂ ਲਾਉਣ ਸਮੇਂ ਸਿਉਂਕ ਤੋਂ ਬਚਾਉਣ ਲਈ ਕਲੋਰਪਾਈਰੀਫੋਸ ਦੀ ਵਰਤੋਂ ਜ਼ਰੂਰ ਕਰੋ।

ਜ਼ਿਆਦਾ ਲੂਣ ਅਤੇ ਨੀਮਾਟੋਡ ਦੀ ਵਧਦੀ ਸ਼ਿਕਾਇਤ ਨੂੰ ਦੇਖਦੇ ਹੋਏ ਬਾਗਬਾਨੀ ਵਿਗਿਆਨੀਆਂ ਨੇ ਪਿਊਂਦੀ ਬੂਟੇ ਬਣਾਉਣ ਲਈ 1613, ਡੌਗਰਿਜ਼, 1103 ਪੀ ਅਤੇ ਐਸ ਓ 4 ਨੂੰ ਜੜਵੇ ਦੇ ਤੌਰ ਤੇ ਵਰਤਣ ਲਈ ਤਜ਼ਰਬੇ ਸ਼ੁਰੂ ਕਰ ਦਿੱਤੇ ਹਨ ਅਤੇ ਆਉਣ ਵਾਲੇ ਸਾਲਾਂ ਵਿੱਚ ਪਿਊਂਦੀ ਬੂਟੇ ਵੀ ਤਿਆਰ ਕਰਕੇ ਵੇਚੇ ਜਾਣਗੇ।

ਅਧਿਆਏ - 3

ਅੰਗੂਰਾਂ ਦੇ ਬੂਟੇ ਲਾਉਣਾ ਅਤੇ ਉਨ੍ਹਾਂ ਦੀ ਦੇਖਭਾਲ

ਅੰਗੂਰਾਂ ਦੇ ਬੂਟੇ ਸਰਦੀਆਂ ਵਿੱਚ ਸਿਥਲ ਅਵਸਥਾ ਵਿੱਚ ਚਲੇ ਜਾਂਦੇ ਹਨ ਅਤੇ ਇਹ ਸਮਾਂ ਜਦੋਂ ਪੱਤੇ ਝੜੇ ਹੋਣ, ਨਵੇਂ ਬੂਟੇ ਲਾਉਣ ਲਈ ਸਭ ਤੋਂ ਵਧੀਆ ਸਮਾਂ ਮੰਨਿਆ ਜਾਂਦਾ ਹੈ। ਅੰਗੂਰਾਂ ਦੇ ਬੂਟੇ ਕਿਉਂਕਿ ਬਹੁਤ ਨਰਮ ਹੁੰਦੇ ਹਨ ਅਤੇ ਇਨ੍ਹਾਂ ਨੂੰ ਸਹਾਰੇ ਲਈ ਟਰੇਨਿੰਗ ਢਾਂਚੇ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਲਾਉਣ ਦੀ ਯੋਜਨਾ ਅਸਲ ਵਿੱਚ ਬੂਟੇ ਲਾਉਣ ਤੋਂ ਇਕ ਸਾਲ ਪਹਿਲਾਂ ਹੀ ਕਰਨੀ ਚਾਹੀਦੀ ਹੈ। ਬੂਟੇ ਲਾਉਣ ਤੋਂ ਪਹਿਲਾਂ ਪਾਣੀ ਅਤੇ ਮਿੱਟੀ ਦੀ ਪਰਖ਼ ਕਰਨੀ ਬਹੁਤ ਜ਼ਰੂਰੀ ਹੈ। ਅੰਗੂਰ ਲਾਉਣ ਲਈ ਉਹ ਜ਼ਮੀਨ ਕਾਮਯਾਬ ਹੈ, ਜਿਸ ਵਿੱਚ ਈ ਸੀ 1.5 ਮਿਲੀ ਮਹੋਜ਼ ਪ੍ਰਤੀ ਸੈਂਟੀਮੀਟਰ, ਕੈਲਸ਼ੀਅਮ ਕਾਰਬੋਨੇਟ 10 ਪ੍ਰਤੀਸ਼ਤ, ਚੂਨਾ 20 ਪ੍ਰਤੀਸ਼ਤ ਅਤੇ ਪੀ ਐਚ 8.7 ਹੋਵੇ। ਟਰੇਨਿੰਗ ਸਿਸਟਮ ਦੀ ਲਵਾਈ, ਮਿੱਟੀ ਅਤੇ ਪਾਣੀ ਦੀ ਪਰਖ਼ ਤੋਂ ਬਾਅਦ 1x1x1 ਫੁੱਟ ਲੰਮੇ, ਚੌੜੇ ਅਤੇ ਡੂੰਘੇ ਟੋਏ ਬੂਟੇ ਲਾਉਣ ਤੋਂ ਪਹਿਲਾਂ ਗਰਮੀਆਂ ਵਿੱਚ ਪੁੱਟੋ। ਗਰਮੀਆਂ ਵਿੱਚ ਟੋਏ ਪੁੱਟਣ ਨਾਲ ਜ਼ਮੀਨ ਵਿੱਚ ਬੂਟਿਆਂ ਦਾ ਨਾਸ਼ ਕਰਨ ਵਾਲੇ ਕੀਟਾਣੂੰ ਮਰ ਜਾਂਦੇ ਹਨ। ਟੋਏ ਭਰਨ ਸਮੇਂ ਟੋਏ ਵਿਚੋਂ ਨਿਕਲੀ ਉਪਰਲੀ ਅੱਧੀ ਮਿੱਟੀ ਵਿੱਚ ਗਲੀ ਹੋਈ ਰੂੜੀ ਦੀ ਖਾਦ ਮਿਲਾਓ। ਮਿੱਟੀ ਅਤੇ ਰੂੜੀ ਦੇ ਮਿਸ਼ਰਣ ਨਾਲ ਭਰੇ ਟੋਇਆਂ ਨੂੰ ਖੁੱਲ੍ਹਾ ਪਾਣੀ ਲਾਓ ਤਾਂ ਜੋ ਇਹ ਮਿਸ਼ਰਣ ਚੰਗੀ ਤਰ੍ਹਾਂ ਸੈੱਟ ਹੋ ਜਾਵੇ। ਨਵੇਂ ਬੂਟਿਆਂ ਨੂੰ ਸਿਉਂਕ ਤੋਂ ਬਚਾਉਣ ਲਈ ਪੰਜ ਮਿਲੀ ਲੀਟਰ ਕਲੋਰਪਾਈਰੀਫੋਸ - 30 ਈ. ਸੀ. ਟੋਇਆਂ ਵਿੱਚ ਜ਼ਰੂਰ ਪਾਓ। ਇਸ ਤੋਂ ਬਾਅਦ ਭਰੋਸੇਮੰਦ ਵਸੀਲੇ ਤੋਂ ਬੂਟੇ ਲੈ ਕੇ ਇਨ੍ਹਾਂ ਤਿਆਰ ਕੀਤੇ ਗਏ ਟੋਇਆਂ ਵਿੱਚ ਨਵੇਂ ਫੁਟਾਰੇ ਤੋਂ ਪਹਿਲਾਂ ਜਨਵਰੀ ਅਤੇ ਫ਼ਰਵਰੀ ਮਹੀਨੇ ਵਿੱਚ ਲਾ ਦਿਓ।

ਬੂਟੇ ਜ਼ਮੀਨ ਵਿੱਚ ਲਾਉਣ ਤੋਂ ਤਕਰੀਬਨ 2-3 ਹਫਤਿਆਂ ਬਾਅਦ ਜਦੋਂ ਤਾਪਮਾਨ ਵਧਣਾ ਸ਼ੁਰੂ ਹੁੰਦਾ ਹੈ ਨਵੇਂ ਪੱਤੇ ਕੱਢਣੇ ਸ਼ੁਰੂ ਕਰ ਦਿੰਦੇ ਹਨ। ਦੋ ਜਾਂ ਤਿੰਨ ਟਾਹਣੀਆਂ ਇਨ੍ਹਾਂ ਨਵੇਂ ਲਾਏ ਬੂਟਿਆਂ ਵਿੱਚੋਂ ਨਿਕਲਦੀਆਂ ਹਨ। ਪਰ ਟ੍ਰੇਨਿੰਗ ਢਾਂਚੇ ਦੀ ਉਚਾਈ ਤੱਕ ਇਕ ਹੀ ਟਹਿਣੀ ਰੱਖੋ ਅਤੇ ਬਾਕੀਆਂ ਨੂੰ ਨਿਕਲਦੇ ਸਾਰ ਹੀ ਕੱਟਦੇ ਰਹੋ। ਇਸ ਰੱਖੀ ਇੱਕ ਟਹਿਣੀ ਨੂੰ ਸੇਬੇ ਨਾਲ ਬੰਨ੍ਹ ਦਿਓ ਤਾਂ ਜੋ ਬੂਟੇ ਦਾ ਤਣਾ ਸਿੱਧਾ ਰਹੇ। ਸਿੱਧਾ ਤਣਾ ਬੂਟੇ ਨੂੰ ਜ਼ਮੀਨ ਵਿੱਚੋਂ ਲੋੜੀਂਦੇ ਤੱਤ ਅਤੇ ਪਾਣੀ ਲੈਣ ਲਈ ਅਤੇ ਪੱਤਿਆਂ ਵਿਚੋਂ ਬਣੀ ਖ਼ੁਰਾਕ ਨੂੰ ਜੜ੍ਹਾਂ ਤੱਕ ਪਹੁੰਚਾਉਣ ਵਿੱਚ ਕਾਫ਼ੀ ਮਦਦ ਕਰਦਾ ਹੈ। ਸਰਦੀਆਂ ਵਿੱਚ ਬੂਟੇ ਲਾਉਣ ਤੋਂ ਬਾਅਦ, ਆਉਂਦੀਆਂ ਗਰਮੀਆਂ ਵਿੱਚ ਪਾਣੀ ਦਾ ਖਾਸ ਖ਼ਿਆਲ ਰੱਖੋ ਤਾਂ ਜੋ ਨਵੇਂ ਲਾਏ ਬੂਟੇ ਮਰਨ ਤੋਂ ਬਚਾਏ ਜਾ ਸਕਣ।

ਅਧਿਆਏ - 4

ਸਿੰਚਾਈ

ਸਾਰੇ ਫ਼ਲਦਾਰ ਬੂਟਿਆਂ ਦੀ ਤਰ੍ਹਾਂ ਅੰਗੂਰਾਂ ਵਿੱਚ ਵੀ ਸਿੰਚਾਈ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ। ਲੋੜ ਨਾਲੋਂ ਘੱਟ ਜਾਂ ਜ਼ਿਆਦਾ ਅਤੇ ਸਹੀ ਸਮੇਂ ਤੇ ਜੇ ਸਿੰਚਾਈ ਨਾ ਕੀਤੀ ਜਾਵੇ ਤਾਂ ਵੇਲਾਂ ਚੰਗੀ ਤਰ੍ਹਾਂ ਵਧਦੀਆਂ ਫੁੱਲਦੀਆਂ ਨਹੀਂ ਅਤੇ ਨਾਂ ਹੀ ਉਨ੍ਹਾਂ ਤੇ ਚੰਗਾ ਫ਼ਲ ਲਗਦਾ ਹੈ ਅਤੇ ਇਸ ਦੇ ਨਾਲ ਨਾਲ ਝਾੜ ਤੇ ਵੀ ਮਾੜਾ ਅਸਰ ਪੈਂਦਾ ਹੈ। ਖਾਸ ਕਰਕੇ ਗਰਮੀਆਂ ਵਿੱਚ ਜਦੋਂ ਅੰਗੂਰਾਂ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ, ਜੇ ਘੱਟ ਪਾਣੀ ਦਿੱਤਾ ਜਾਵੇ ਤਾਂ ਕਈ ਵਾਰ ਗੁੱਛੇ ਸੁੱਕ ਹੀ ਜਾਂਦੇ ਹਨ। ਅੰਗੂਰਾਂ ਦੇ ਬੂਟੇ ਹੋਰ ਬੂਟਿਆਂ ਤਰ੍ਹਾਂ ਕਈ ਅਵਸਥਾ ਵਿੱਚੋਂ ਲੰਘਦੇ ਹਨ ਜਿਵੇਂ ਕਿ ਪੱਤਝੜ ਦਾ ਸਮਾਂ, ਵੇਲਾਂ ਦਾ ਪੁੰਗਰਨਾ ਜਾਂ ਨਵੇਂ ਪੱਤੇ ਆਉਣੇ, ਫੁੱਲ ਅਤੇ ਫ਼ਲ ਆਉਣਾ, ਫ਼ਲਾਂ ਦਾ ਪੱਕਣਾ ਅਤੇ ਅੰਗੂਰ ਤੋੜਨ ਤੋਂ ਬਾਅਦ ਦਾ ਸਮਾਂ। ਸਿੰਚਾਈ ਦੀ ਲੋੜ ਇਨ੍ਹਾਂ ਸਾਰੀਆਂ ਹਾਲਤਾਂ ਵਿੱਚ ਵੱਖ-ਵੱਖ ਹੁੰਦੀ ਹੈ।

ਪੱਤਝੜ ਦੇ ਸਮੇਂ (ਦਸੰਬਰ-ਜਨਵਰੀ) ਵੇਲਾਂ ਨੂੰ ਘੱਟ ਪਾਣੀ ਲਾਓ, ਨਹੀਂ ਤਾਂ ਇਹ ਸਮੇਂ ਤੋਂ ਪਹਿਲਾਂ ਹੀ ਫੁੱਟ ਪੈਂਦੀਆਂ ਹਨ। ਪਹਿਲਾਂ ਫੁੱਟੀਆਂ ਵੇਲਾਂ ਦਾ ਜ਼ਿਆਦਾ ਸਰਦੀ ਜਾਂ ਕੋਰਾ ਪੈਣ ਕਾਰਨ ਕਾਫ਼ੀ ਨੁਕਸਾਨ ਹੁੰਦਾ ਹੈ। ਲੋੜ ਨਾਲੋਂ ਘੱਟ ਸਿਥਲ ਅਵਸਥਾ ਵਿੱਚ ਰਹਿਣ ਕਾਰਨ ਫੁੱਲ, ਫ਼ਲ ਅਤੇ ਝਾੜ ਤੇ ਵੀ ਮਾੜਾ ਅਸਰ ਹੁੰਦਾ ਹੈ। ਪੱਤਝੜ ਦੇ ਸਮੇਂ ਜੇ ਸਿੰਚਾਈ ਲੋੜ ਮੁਤਾਬਿਕ ਨਾ ਕੀਤੀ ਜਾਵੇ ਤਾਂ ਵੇਲਾਂ ਦੀ ਕਟਾਈ ਦੇ ਸਮੇਂ ਕੱਟੇ ਹੋਏ ਹਿੱਸਿਆਂ ਤੋਂ ਪਾਣੀ ਚੋਣ ਲੱਗ ਪੈਂਦਾ ਹੈ। ਵੇਲਾਂ ਦੀ ਸਿਥਲ ਅਵਸਥਾ ਵੇਲਾਂ ਦੇ ਵਾਧੇ ਅਤੇ ਲਗਾਤਾਰ ਚੰਗੇ ਝਾੜ ਵਾਸਤੇ ਕਾਫ਼ੀ ਲਾਹੇਵੰਦ ਹੈ, ਸੋ ਲੋੜ ਨਾਲੋਂ ਵੱਧ ਪਾਣੀ ਲਗਾ ਕੇ ਇਸ ਅਵਸਥਾ ਨੂੰ ਨਾ ਤੋੜੋ।

ਵੇਲਾਂ ਦੀ ਸਿਥਲ ਅਵਸਥਾ ਤੋਂ ਬਾਅਦ ਜਦੋਂ ਨਵੇਂ ਪੱਤੇ ਨਿਕਲਣੇ ਸ਼ੁਰੂ ਹੋਣ ਲੱਗ ਪੈਣ ਤਾਂ ਉਸ ਸਮੇਂ ਸਿੰਚਾਈ ਦੀ ਖਾਸ ਲੋੜ ਹੈ, ਜੋ ਕਿ ਵੇਲਾਂ ਦੀਆਂ ਨਵੀਆਂ ਪੁੰਗਰਦੀਆਂ ਟਹਿਣੀਆਂ ਨੂੰ ਵਧਣ ਫੁੱਲਣ ਵਿੱਚ ਕਾਫੀ ਮਦਦ ਕਰਦੀ ਹੈ। ਇਸ ਸਮੇਂ ਤੇ ਸਿੰਚਾਈ ਕਰਨ ਨਾਲ ਫੁੱਲਾਂ ਦੀ ਸ਼ੁਰੂਆਤ ਵੀ ਅੱਛੀ ਹੁੰਦੀ ਹੈ।

ਵੇਲਾਂ ਤੇ ਫੁੱਲ ਆਉਣ ਸਮੇਂ ਪਾਣੀ ਘੱਟ ਲਾਉਣਾ ਚਾਹੀਦਾ ਹੈ ਨਹੀਂ ਤਾਂ ਪੱਤਿਆਂ ਅਤੇ ਜੜ੍ਹਾਂ ਤੋਂ ਮਿਲਣ ਵਾਲੀ ਖ਼ੁਰਾਕ ਪੱਤਿਆਂ ਦੇ ਹੋਰ ਵਧਣ ਫੁੱਲਣ ਵਿੱਚ ਚਲੀ ਜਾਂਦੀ ਹੈ, ਅਤੇ ਇਸ ਨਾਲ ਫੁੱਲਾਂ ਦੀ ਗਿਣਤੀ ਘਟ ਜਾਂਦੀ ਹੈ ਅਤੇ ਝਾੜ ਤੇ ਮਾੜਾ ਅਸਰ ਪੈਂਦਾ ਹੈ।

ਜਦੋਂ ਤਕਰੀਬਨ ਸਾਰੇ ਫੁੱਲ ਫ਼ਲਾਂ ਵਿੱਚ ਬਦਲ ਜਾਂਦੇ ਹਨ, ਉਸ ਸਮੇਂ ਜੇ ਪਾਣੀ ਲੋੜ ਮੁਤਾਬਕ ਦਿੱਤਾ ਜਾਵੇ ਤਾਂ ਇਹ ਫ਼ਲਾਂ ਨੂੰ ਵਧਣ ਫੁੱਲਣ ਵਿੱਚ ਬਹੁਤ ਸਹਾਈ ਹੁੰਦਾ ਹੈ। ਅੰਗੂਰਾਂ ਵਿੱਚ 90 ਪ੍ਰਤੀਸ਼ਤ ਪਾਣੀ ਦੀ ਮਾਤਰਾ ਹੋਣ ਕਾਰਨ, ਅੰਗੂਰਾਂ ਦੇ ਵਧਣ ਦੇ ਇਸ ਸਮੇਂ ਤੇ ਜੇ ਸਿੰਚਾਈ ਘਟ ਜਾਵੇ ਤਾਂ ਇਸ ਦਾ ਅੰਗੂਰਾਂ ਦੇ ਆਕਾਰ ਤੇ ਸਿੱਧਾ ਅਸਰ ਪੈਂਦਾ ਹੈ। ਅੰਗੂਰਾਂ ਦੇ ਪੱਕਣ ਸਮੇਂ ਸਿੰਚਾਈ ਦੀ ਮਾਤਰਾ ਘਟਾਉਣੀ ਚਾਹੀਦੀ ਹੈ, ਨਹੀਂ ਤਾਂ ਅੰਗੂਰਾਂ ਦੀ ਕੁਆਲਟੀ ਤੇ ਮਾੜਾ ਅਸਰ ਹੁੰਦਾ ਹੈ। ਇਸ ਸਮੇਂ ਤੇ ਜ਼ਿਆਦਾ ਪਾਣੀ ਲਾਉਣ ਨਾਲ ਅੰਗੂਰਾਂ ਦੀ ਮਿਠਾਸ ਘਟ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਜੇ ਅੰਗੂਰਾਂ ਦੀ ਪਕਾਈ ਦੇ ਸਮੇਂ ਪਾਣੀ ਘੱਟ ਲਾਇਆ ਜਾਵੇ ਤਾਂ ਅੰਗੂਰਾਂ ਦੀ ਮਿਠਾਸ ਵਧ ਜਾਂਦੀ ਹੈ।

ਇਸੇ ਤਰ੍ਹਾਂ ਅੰਗੂਰ ਤੋੜਨ ਤੋਂ ਬਾਅਦ ਜਦੋਂ ਬਾਰਸ਼ਾਂ ਸ਼ੁਰੂ ਹੋ ਜਾਣ ਤਾਂ ਪਾਣੀ ਦੀ ਮਾਤਰਾ ਘਟਾ ਦੇਣੀ ਚਾਹੀਦੀ ਹੈ।

ਇਨ੍ਹਾਂ ਗੱਲਾਂ ਦਾ ਧਿਆਨ ਰੱਖਦੇ ਹੋਏ, ਅੰਗੂਰਾਂ ਦੀਆਂ ਵੇਲਾਂ ਨੂੰ ਪਾਣੀ ਲੋੜ ਮੁਤਾਬਿਕ ਹੀ ਲਾਉਣਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫ਼ਾਰਸ਼ ਮੁਤਾਬਿਕ ਹੇਠ ਲਿਖੇ ਅਨੁਸਾਰ ਹੀ ਅੰਗੂਰਾਂ ਨੂੰ ਪਾਣੀ ਲਾਓ ਜਾਂ ਸਿੰਚਾਈ ਕਰੋ।

ਸਿੰਜਾਈ

ਸਿੰਜਾਈ ਦਾ ਸਮਾਂ	ਗਿਣਤੀ
1. ਕਾਂਟ-ਛਾਂਟ ਕਰਨ ਤੋਂ ਬਾਅਦ ਫ਼ਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ	ਇੱਕ ਪਾਣੀ
2. ਮਾਰਚ ਦਾ ਪਹਿਲਾ ਹਫ਼ਤਾ	ਇੱਕ ਪਾਣੀ
3. ਅਪ੍ਰੈਲ ਵਿੱਚ ਫ਼ਲ ਲੱਗਣ ਤੋਂ ਬਾਅਦ ਮਈ ਦੇ ਪਹਿਲੇ ਹਫ਼ਤੇ ਤੱਕ	ਹਰ ਦੋ ਦਿਨਾਂ ਪਿੱਛੋਂ ਦੇਣਾ ਚਾਹੀਦਾ ਹੈ।
4. ਬਾਕੀ ਸਾਰਾ ਮਈ ਮਹੀਨਾ	ਹਰ ਹਫ਼ਤੇ
5. ਜੂਨ ਦੇ ਮਹੀਨੇ	ਤਿੰਨ ਚਾਰ ਦਿਨਾਂ ਬਾਅਦ
6. ਜੁਲਾਈ ਤੋਂ ਅਕਤੂਬਰ	ਜਦੋਂ ਵੀ ਜ਼ਮੀਨ ਸੁੱਕਦੀ ਨਜ਼ਰ ਆਵੇ ਜਾਂ ਬਾਰਸ਼ ਕਾਫ਼ੀ ਨਾ ਹੋਵੇ ਤਾਂ ਪਾਣੀ ਦਿਉ।
7. ਨਵੰਬਰ ਤੋਂ ਜਨਵਰੀ	ਇੱਕ ਪਾਣੀ, ਜੇਕਰ ਜ਼ਮੀਨ ਕਾਫ਼ੀ ਸੁੱਕ ਗਈ ਹੋਵੇ।

ਖਾਦਾਂ ਦੀ ਵਰਤੋਂ ਅਤੇ ਨਦੀਨਾਂ ਦੀ ਰੋਕਥਾਮ

ਅੰਗੂਰਾਂ ਦੀਆਂ ਵੇਲਾਂ ਨੂੰ ਖਾਦਾਂ ਵੀ ਲੋੜ ਮੁਤਾਬਿਕ ਹੀ ਪਾਓ। ਲੋੜ ਨਾਲੋਂ ਵੱਧ ਜਾਂ ਘੱਟ ਖਾਦਾਂ ਪਾਉਣ ਨਾਲ ਵੇਲਾਂ ਦੇ ਵਾਧੇ, ਫੁੱਲ, ਫ਼ਲ ਅਤੇ ਝਾੜ ਤੇ ਫ਼ਰਕ ਪੈਂਦਾ ਹੈ। ਰੂੜੀ ਦੀ ਦੇਸੀ ਖਾਦ ਸਾਲ ਵਿੱਚ ਸਿਰਫ਼ ਉਦੋਂ ਪਾਓ ਜਦੋਂ ਵੇਲਾਂ ਸਿਥਲ ਅਵਸਥਾ ਵਿੱਚ ਹੋਣ। ਸੋ ਦਸੰਬਰ-ਜਨਵਰੀ ਦਾ ਸਮਾਂ ਰੂੜੀ ਦੀ ਖਾਦ ਪਾਉਣ ਲਈ ਬਹੁਤ ਚੰਗਾ ਹੈ। ਅੰਗੂਰਾਂ ਦੀਆਂ ਨਵੀਆਂ ਵੇਲਾਂ ਦਾ ਸਿਉਂਕ ਬਹੁਤ ਨੁਕਸਾਨ ਕਰਦੀ ਹੈ। ਸੋ ਹਮੇਸ਼ਾਂ ਗਲੀ ਰੂੜੀ ਦੀ ਖਾਦ ਹੀ ਅੰਗੂਰਾਂ ਲਈ ਵਰਤੋਂ। ਰੂੜੀ ਦੀ ਖਾਦ ਵਿੱਚ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਨਹੀਂ ਹੁੰਦੀ, ਪਰ ਇਹ ਤੱਤ ਹੋਰ ਫ਼ਲਦਾਰ ਬੂਟਿਆਂ ਵਾਂਗ ਅੰਗੂਰਾਂ ਵਾਸਤੇ ਵੀ ਬਹੁਤ ਲਾਹੇਵੰਦ ਹਨ। ਸੋ ਰਸਾਇਣਕ ਖਾਦਾਂ ਜਿੰਨ੍ਹਾਂ ਵਿੱਚ ਇਹ ਤੱਤ ਹੋਣ ਜਿਵੇਂ ਕਿ ਨਾਈਟ੍ਰੋਜਨ ਲਈ ਯੂਰੀਆ, ਫਾਸਫੋਰਸ ਲਈ ਸੁਪਰ ਫਾਸਫੇਟ ਅਤੇ ਪੋਟਾਸ਼ ਲਈ ਮਿਊਰੇਟ ਆਫ਼ ਪੋਟਾਸ਼ ਦੀ ਵਰਤੋਂ ਕਰੋ।

ਸਾਰੀ ਫਾਸਫੋਰਸ ਖਾਦ ਅਤੇ ਅੱਧੀ ਨਾਈਟਰੋਜਨ ਦਸੰਬਰ-ਜਨਵਰੀ ਦੇ ਮਹੀਨੇ ਰੂੜੀ ਦੀ ਖਾਦ ਨਾਲ ਹੀ ਪਾਓ। ਨਾਈਟਰੋਜਨ ਤੱਤ ਦੇਣ ਵਾਲੀ ਬਾਕੀ ਖਾਦ ਉਦੋਂ ਪਾਓ ਜਦੋਂ ਫੁੱਲਾਂ ਤੋਂ ਫ਼ਲ ਬਣਨੇ ਸ਼ੁਰੂ ਹੋ ਜਾਣ। ਇਸ ਤੋਂ ਬਾਅਦ ਨਾਈਟਰੋਜਨ ਖਾਦ ਬਿਲਕੁਲ ਨਾ ਵਰਤੋਂ, ਨਹੀਂ ਤਾਂ ਇਸ ਸਮੇਂ ਪੱਤਿਆਂ ਦਾ ਵਾਧਾ ਜ਼ਿਆਦਾ ਹੋ ਜਾਂਦਾ ਹੈ ਅਤੇ ਗੁੱਛਿਆਂ ਦਾ ਆਕਾਰ ਘਟ ਜਾਂਦਾ ਹੈ। ਅੰਗੂਰਾਂ ਦੇ ਮਿਆਰ ਤੇ ਵੀ ਮਾੜਾ ਅਸਰ ਪੈਂਦਾ ਹੈ।

ਪੋਟਾਸ਼ ਤੱਤ ਵੀ ਅੰਗੂਰਾਂ ਦੇ ਮਿਆਰ ਲਈ ਬਹੁਤ ਜ਼ਰੂਰੀ ਹੈ। ਗੁੱਛਿਆਂ ਵਿੱਚ ਅੰਗੂਰਾਂ ਦਾ ਰੰਗ ਸੁਨਹਿਰੀ ਕਰਨ ਵਿੱਚ ਇਸ ਤੱਤ ਦੀ ਬਹੁਤ ਮਹੱਤਤਾ ਹੈ। ਸੁਨਹਿਰੀ ਰੰਗ ਦੇ ਗੁੱਛਿਆਂ ਦਾ ਭਾਅ ਵੀ ਚੰਗਾ ਮਿਲਦਾ ਹੈ। ਪੋਟਾਸ਼ੀਅਮ ਨਾਲ ਅੰਗੂਰਾਂ ਦੀ ਕੁਆਲਟੀ ਤੇ ਅਸਰ, ਵਿਸਥਾਰ ਨਾਲ ਮਿਆਰ ਸੁਧਾਰ ਵਾਲੇ ਹਿੱਸੇ ਵਿੱਚ ਦਰਸਾਇਆ ਗਿਆ ਹੈ।

ਖਾਦਾਂ ਦੀ ਵਰਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਕਰੋ। ਨਵੀਂ ਵੇਲ ਨੂੰ 60 ਗ੍ਰਾਮ ਯੂਰੀਆ ਅਤੇ 125 ਗ੍ਰਾਮ ਮਿਊਰੇਟ ਆਫ ਪੋਟਾਸ਼ ਪਾਓ। ਜੂਨ ਵਿੱਚ ਫਿਰ ਇੱਕ ਵਾਰ ਅਜਿਹਾ ਹੀ ਕਰੋ। ਵੱਡੀ ਉਮਰ ਦੀਆਂ ਵੇਲਾਂ ਜੋ ਕਿ 3, 3 ਮੀਟਰ ਦੀ ਦੂਰੀ ਤੇ ਹੋਣ, ਲਈ ਹੇਠ ਲਿਖੀਆਂ ਖਾਦਾਂ ਦੀ ਸਿਫ਼ਾਰਸ਼

ਕੀਤੀ ਜਾਂਦੀ ਹੈ। ਜੇਕਰ ਫ਼ਾਸਲਾ ਘੱਟ-ਵੱਧ ਹੋਵੇ ਤਾਂ ਖਾਦ ਉਸੇ ਤਰ੍ਹਾਂ ਘਟਾ-ਵਧਾ ਦਿਓ।

ਵੇਲ ਦੀ ਉਮਰ (ਸਾਲ)	ਖਾਦਾਂ (ਕਿਲੋ ਪ੍ਰਤੀ ਵੇਲ)			
	ਰੂੜੀ ਦੀ ਖਾਦ (ਕਿਲੋ)	ਯੂਰੀਆ (40% ਨਾਈਟ੍ਰੋਜਨ	ਸੁਪਰਫ਼ਾਸਫ਼ੇਟ (16% ਫ਼ਾਸ-ਫੋਰਸ)	ਮਿਊਰੇਟ ਆਫ਼ ਪੋਟਾਸ਼ (60% ਪੋਟਾਸ਼)
1	20	0.4	1.5	0.25
2	35	0.5	2.5	0.35
3	50	0.6	3.5	0.50
4	65	0.8	4.0	0.65
5 ਅਤੇ ਵੱਧ	80	1.0	4.5	0.80

ਨਦੀਨਾਂ ਦੀ ਰੋਕਥਾਮ

ਅੰਗੂਰਾਂ ਦੇ ਬਾਗਾਂ ਵਿੱਚ ਨਦੀਨ ਘੱਟ ਜਾਂ ਚੌੜੇ ਪੱਤਿਆਂ ਵਾਲੇ ਹੋ ਸਕਦੇ ਹਨ। ਇਹ ਅਣਲੋੜੀਂਦੇ ਬੂਟੇ ਅੰਗੂਰਾਂ ਦੇ ਬੂਟਿਆਂ ਲਈ ਦਿੱਤੇ ਪਾਣੀ, ਖਾਦਾਂ ਅਤੇ ਹੋਰ ਲੋੜ ਮੁਤਾਬਿਕ ਦਿੱਤੇ ਤੱਤਾਂ ਨੂੰ ਬੂਟੇ ਦੀ ਥਾਂਵੇਂ ਵਰਤ ਜਾਂਦੇ ਹਨ। ਬਾਗਾਂ ਵਿੱਚ ਨਦੀਨ ਮੌਸਮ ਦੇ ਹਿਸਾਬ ਨਾਲ ਬਦਲਦੇ ਰਹਿੰਦੇ ਹਨ। ਆਧਾਰ ਦੇ ਤੌਰ ਤੇ ਬਾਰਸ਼ਾਂ ਵਿੱਚ ਨਦੀਨ ਗਰਮੀਆਂ ਨਾਲੋਂ ਜ਼ਿਆਦਾ ਹੁੰਦੇ ਹਨ। ਖਾਸ ਤੌਰ ਤੇ ਬਾਰਸ਼ਾਂ ਵਿੱਚ ਜੇ ਨਦੀਨਾਂ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਅੰਗੂਰਾਂ ਵਿੱਚ ਉੱਲੀ ਵਾਲੀਆ ਬੀਮਾਰੀਆਂ ਜਿਵੇਂ ਕਿ ਐਨਥਰੈਕਨੋਸ ਆਦਿ ਕਾਫ਼ੀ ਵਧਣ ਦਾ ਡਰ ਹੁੰਦਾ ਹੈ, ਜੋ ਕੇ ਬਾਅਦ ਵਿੱਚ ਅਗਲੇ ਸਾਲ ਦੇ ਝਾੜ ਤੇ ਮਾੜਾ ਅਸਰ ਕਰਦੀ ਹੈ। ਅੰਗੂਰਾਂ ਦੇ ਬਾਗਾਂ ਵਿੱਚ ਹੋਣ ਵਾਲੇ ਆਮ ਨਦੀਨ ਜਿਵੇਂ ਕਿ ਬਾਥੂ, ਬਿੱਲੀ ਬੂਟੀ, ਹਾਲੋਂ, ਜੰਗਲੀ ਸਰ੍ਹੋਂ, ਮੈਣਾ, ਪਿੱਤਪਾਪੜਾ, ਭੰਗ ਅਤੇ ਚੁਲਾਈ ਰੋਕਣੇ ਬਹੁਤ ਜ਼ਰੂਰੀ ਹਨ। ਇਹ ਨਦੀਨ ਜਾਂ ਤਾਂ ਗੋਡੀ ਕਰਨ ਨਾਲ, ਹਲਾਂ ਜਾਂ ਡਿਸਕਾਂ ਚਲਾਉਣ ਨਾਲ ਅਤੇ ਜਾਂ ਨਦੀਨ ਨਾਸ਼ਕ ਰਸਾਇਣਕ ਦਵਾਈਆਂ ਨਾਲ ਕਾਬੂ ਕੀਤੇ ਜਾ ਸਕਦੇ ਹਨ। ਨਦੀਨ ਨਾਸ਼ਕ ਦੋ ਤਰ੍ਹਾਂ ਦੇ ਹੁੰਦੇ ਹਨ, ਇੱਕ ਉਹ ਜਿਹੜੇ ਕਿ ਨਦੀਨ ਉੱਗਣ ਤੋਂ ਪਹਿਲਾਂ ਅਤੇ ਦੂਸਰੇ ਨਦੀਨ ਉੱਗਣ ਤੋਂ ਬਾਅਦ ਵਰਤੇ ਜਾਂਦੇ ਹਨ। ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਨਦੀਨਾਂ ਤੋਂ ਮੁਕਤ ਕਰ ਲਵੋ ਅਤੇ ਫਿਰ ਨਦੀਨ ਉੱਗਣ ਤੋਂ ਪਹਿਲਾਂ ਮਾਰਚ ਦੇ ਪਹਿਲੇ ਪੰਦਰਵਾੜੇ ਵਿੱਚ ਹੈਕਸੂਰੋਨ 80 ਘੁਲਣਸ਼ੀਲ (ਡਾਈਯੂਰੋਨ) 1.2 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਅੰਗੂਰਾਂ ਦੇ ਬਾਗਾਂ ਲਈ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਬਾਕੀ

ਮਹੀਨਿਆਂ ਵਿੱਚ ਨਦੀਨ ਉੱਗਣ ਤੋਂ ਬਾਅਦ ਗਲਾਈਸਲ 41 ਐਸ ਐਲ (ਗਲਾਈਫੋਸੇਟ) ਜਾਂ ਗਰਾਮੋਕਸੋਨ 24 ਡਬਲਯੂ ਐਸ ਸੀ (ਪੈਰੀਕੁਇਟ) 1.6 ਲਿਟਰ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿੱਚ ਘੋਲ ਕੇ ਜਦੋਂ ਨਦੀਨ 15-20 ਸੈਂਟੀਮੀਟਰ ਉੱਚੇ ਹੋ ਜਾਣ, ਛਿੜਕਾਅ ਕਰੋ। ਸੋ ਚੰਗਾ ਫ਼ਲ ਅਤੇ ਝਾੜ ਲੈਣ ਲਈ ਬਾਗਾਂ ਵਿੱਚ ਉੱਗੇ ਨਦੀਨ ਜਾਂ ਇਨ੍ਹਾਂ ਵਾਧੂ ਬੂਟਿਆਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਨਦੀਨ ਨਾਸ਼ਕ ਦਵਾਈਆਂ ਛਿੜਕਣ ਸਮੇਂ ਖ਼ਾਸ ਖ਼ਿਆਲ ਰੱਖੋ ਕਿ ਉਸ ਦਿਨ ਹਵਾ ਜ਼ਿਆਦਾ ਨਾ ਚਲਦੀ ਹੋਵੇ ਨਹੀਂ ਤਾਂ ਜੇ ਫ਼ਲ ਵੀ ਵੇਲਾਂ ਤੇ ਲੱਗਿਆ ਹੋਵੇ ਤਾਂ ਫ਼ਲ ਦਾ ਨੁਕਸਾਨ ਹੋ ਸਕਦਾ ਹੈ।

ਅਧਿਆਏ - 6

ਟ੍ਰੇਨਿੰਗ ਅਤੇ ਕਾਂਟ-ਛਾਂਟ

ਅੰਗੂਰ ਦੀ ਵੇਲ ਮੁੱਢਲੇ ਸਾਲਾਂ ਵਿੱਚ ਬਹੁਤ ਲਚਕਦਾਰ ਹੁੰਦੀ ਹੈ ਅਤੇ ਆਪਣਾ ਭਾਰ ਆਪ ਨਹੀਂ ਸਹਾਰ ਸਕਦੀ। ਇਸ ਤਰ੍ਹਾਂ ਦੇ ਬੂਟਿਆਂ ਨੂੰ ਬਗੈਰ ਲੱਕੜ ਵਾਲੇ ਬੂਟੇ ਵੀ ਕਿਹਾ ਜਾਂਦਾ ਹੈ। ਜ਼ਿਆਦਾ ਝਾੜ ਅਤੇ ਵਧੀਆ ਫ਼ਲ ਲੈਣ ਲਈ ਇਨ੍ਹਾਂ ਨੂੰ ਖਾਸ ਢੰਗ ਨਾਲ ਟਰੇਨ ਕੀਤਾ ਜਾਂਦਾ ਹੈ। ਅੰਗੂਰਾਂ ਦੀਆਂ ਵੇਲਾਂ ਦੀ ਟ੍ਰੇਨਿੰਗ ਬੂਟਾ ਲਾਉਣ ਤੋਂ ਬਾਅਦ ਨਾਲ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ । ਟ੍ਰੇਨਿੰਗ ਮੁੱਖ ਤੌਰ ਤੇ ਟ੍ਰੇਨਿੰਗ ਸਿਸਟਮ ਤੇ ਨਿਰਭਰ ਕਰਦੀ ਹੈ । ਅੰਗੂਰਾਂ ਦੀਆਂ ਵੇਲਾਂ ਤੋਂ ਲੰਮੇ ਸਮੇਂ ਤੱਕ ਚੰਗਾ ਝਾੜ ਅਤੇ ਵਧੀਆ ਫ਼ਲ ਲੈਣ ਲਈ ਟ੍ਰੇਨਿੰਗ ਸਿਸਟਮ ਅਤੇ ਕਿਸਮ ਮੁਤਾਬਕ ਕਾਂਟ ਛਾਂਟ ਦੀ ਬਹੁਤ ਮਹੱਤਤਾ ਹੈ। ਪੰਜਾਬ ਵਿੱਚ ਲੱਗੇ ਅੰਗੂਰਾਂ ਦੇ ਬਾਗ ਲਗਪਗ 100 ਪ੍ਰਤੀਸ਼ਤ ਬਾਵਰ ਜਾਂ ਪੰਡਾਲ ਸਿਸਟਮ ਤੇ ਹੀ ਟ੍ਰੇਨ ਕੀਤੇ ਗਏ ਹਨ ।

ਬਾਵਰ ਸਿਸਟਮ : ਇਸ ਸਿਸਟਮ ਮੁਤਾਬਕ ਬੂਟੇ 3x3 ਮੀਟਰ ਦੇ ਫ਼ਾਸਲੇ ਤੇ ਲਾਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਤਕਰੀਬਨ 6 ਫੁੱਟ ਉੱਚੇ ਜਾਲ (ਪਲੇਟ 3 ੳ) ਤੇ ਝੜਾਇਆ ਜਾਂਦਾ ਹੈ । ਇਸ ਸਿਸਟਮ ਤੇ ਟ੍ਰੇਨ ਕੀਤੀਆਂ ਗਈਆਂ ਵੇਲਾਂ ਦੇ ਗੁੱਛੇ ਲਮਕਦੇ ਨਜ਼ਰ ਆਉਂਦੇ ਹਨ । ਨਵੇਂ ਬੂਟੇ ਲਾਉਣ ਤੋਂ ਬਾਅਦ, ਪਹਿਲੇ ਸਾਲ ਤੋਂ ਹੀ ਟ੍ਰੇਨਿੰਗ ਸ਼ੁਰੂ ਕਰਨੀ ਚਾਹੀਦੀ ਹੈ । ਵਧ ਰਹੀ ਵੇਲ ਦੀ ਸਿਰਫ਼ ਇਕ ਹੀ ਟਾਹਣੀ ਰੱਖੋ ਅਤੇ ਬਾਕੀ ਫੁਟਾਰੇ ਨੂੰ ਲਗਾਤਾਰ ਤੋੜਦੇ ਰਹੋ । ਇਸ ਟਾਹਣੀ ਨੂੰ ਤਕਰੀਬਨ 6 ਇੰਚ ਤੋਂ ਇੱਕ ਫੁੱਟ ਜਾਲ ਦੇ ਹੇਠਾਂ ਤੋਂ ਕੱਟ ਦਿਓ । ਇਸ ਤੋਂ ਬਾਅਦ ਦੂਜੇ ਅਤੇ ਤੀਜੇ ਸਾਲ ਪਤਝੜ ਦੇ ਸਮੇਂ ਟਾਹਣੀਆਂ ਨੂੰ ਇਸ ਤਰ੍ਹਾਂ ਕੱਟੋ ਕਿ ਨਿਕਲੀਆਂ ਹੋਈਆਂ ਟਾਹਣੀਆਂ ਬੂਟੇ ਦੇ ਚਾਰੇ ਪਾਸੇ ਇਕੋ ਜਿਹੀਆਂ ਫ਼ੈਲ ਜਾਣ । ਇਨ੍ਹਾਂ ਟਾਹਣੀਆਂ ਵਿਚੋਂ ਹੋਰ ਟਾਹਣੀਆਂ ਨਿਕਲਦੀਆਂ ਹਨ । ਹਰ ਵੇਲ ਉੱਤੇ 60-80 ਸ਼ਾਖਾਂ ਰਹਿਣ ਦਿਉ ਅਤੇ ਬਾਕੀਆਂ ਨੂੰ ਛਾਂਗ ਦਿਉ ।

ਵਾਈ ਟਰੈਲਿਸ : ਅੰਗੂਰਾਂ ਦੀਆਂ ਵੇਲਾਂ ਦੀ ਟ੍ਰੇਨਿੰਗ 'ਵਾਈ' ਢੰਗ (ਪਲੇਟ 3 ਅ) ਨਾਲ ਵੀ ਕੀਤੀ ਜਾ ਸਕਦੀ ਹੈ । ਇਸ ਸਿਸਟਮ ਮੁਤਾਬਕ ਬੂਟੇ 1.5x4 ਮੀਟਰ ਦੇ ਫ਼ਾਸਲੇ ਤੇ ਲਾਏ ਜਾਂਦੇ ਹਨ ਅਤੇ ਵੇਲਾਂ ਨੂੰ ਸੱਤ ਤਾਰਾਂ ਦੇ ਸਹਾਰੇ ਟ੍ਰੇਨ ਕੀਤਾ ਜਾਂਦਾ ਹੈ । ਇਸ ਢੰਗ ਨਾਲ ਕੀਤੀ ਵੇਲਾਂ ਦੀ ਸੁਧਾਈ ਕਾਫੀ ਲਾਹੇਵੰਦ ਹੈ ।

ਵਾਈ ਟਰੈਲਿਸ ਦੇ ਫਾਇਦੇ

1. **ਅੰਗੂਰ ਦਾ ਜਲਦੀ ਪੱਕਣਾ** : ਵਾਈ ਟਰੈਲਿਸ ਤੇ ਟਰੇਨ ਹੋਈਆਂ ਵੇਲਾਂ ਦਾ ਫ਼ਲ ਪੰਡਾਲ ਸਿਸਟਮ ਦੇ ਮੁਕਾਬਲੇ ਤਕਰੀਬਨ ਦੋ ਤੋਂ ਤਿਨ ਦਿਨ ਪਹਿਲਾਂ ਪੱਕ

ਜਾਂਦਾ ਹੈ। ਅਗੇਤੀਆਂ ਬਾਰਸ਼ਾਂ ਦਾ ਡਰ ਹੋਣ ਕਾਰਨ ਪੰਜਾਬ ਵਿੱਚ ਅੰਗੂਰਾਂ ਦੀ ਫ਼ਸਲ ਸਮੇਂ ਤੋਂ ਪਹਿਲਾਂ ਪੱਕਣ ਦੀ ਬਹੁਤ ਮਹੱਤਤਾ ਹੈ।

2. **ਫ਼ਲ ਵਿੱਚ ਸੁਧਾਰ** : ਨਵੇਂ ਟਰੇਨਿੰਗ ਸਿਸਟਮ ਤੇ ਪਰਲਟ ਕਿਸਮ ਦੇ ਫ਼ਲਾਂ ਦੀ ਮਿਠਾਸ ਲਗਪਗ 17-18 ਪ੍ਰਤੀਸ਼ਤ ਹੁੰਦੀ ਹੈ ਜੋ ਕਿ ਪੰਡਾਲ ਸਿਸਟਮ (16-17 ਪ੍ਰਤੀਸ਼ਤ) ਦੇ ਮੁਕਾਬਲੇ ਇੱਕ ਤੋਂ ਦੋ ਪ੍ਰਤੀਸ਼ਤ ਜ਼ਿਆਦਾ ਹੈ। ਸਹੀ ਮਿਠਾਸ ਅਤੇ ਖਟਾਸ ਦਾ ਮਿਸ਼ਰਣ ਹੀ ਅੰਗੂਰਾਂ ਦੇ ਵਧੀਆ ਮਿਆਰ ਦਾ ਪ੍ਰਤੀਕ ਹੈ।


3. **ਬੀਮਾਰੀ ਦਾ ਘੱਟ ਹੋਣਾ** : ਵਾਈ ਟਰੈਲਿਸ ਟ੍ਰੇਨਿੰਗ ਸਿਸਟਮ ਵਿੱਚ ਟਰੇਨ ਕੀਤੀਆਂ ਵੇਲਾਂ ਦੇ ਗੁੱਛੇ ਧੁੱਪ ਵਿੱਚ ਹੋਣ ਕਾਰਨ ਨਮੀ ਨਾਲ ਵਧਣ ਵਾਲੀਆਂ ਉੱਲੀ ਵਾਲੀਆਂ ਬੀਮਾਰੀਆਂ ਜਿਵੇਂ ਕਿ ਪਾਊਡਰੀ ਮਿਲਡਿਊ ਅਤੇ ਐਨਥਰੈਕੋਜ਼ ਦਾ ਸ਼ਿਕਾਰ ਘੱਟ ਹੁੰਦੇ ਹਨ।

4. **ਰੋਜ਼ਾਨਾ ਜ਼ਰੂਰੀ ਕੰਮਾਂ ਵਿੱਚ ਸੌਖ** : ਇਸ ਨਵੇਂ ਟਰੇਨਿੰਗ ਸਿਸਟਮ ਵਿੱਚ ਵੇਲਾਂ ਅਤੇ ਗੁੱਛਿਆਂ ਦੀ ਉਚਾਈ ਤਕਰੀਬਨ ਪੰਜ ਤੋਂ ਸਾਢੇ ਪੰਜ ਫੁੱਟ ਹੁੰਦੀ ਹੈ। ਔਸਤਨ ਕੱਦ ਵਾਲਾ ਖੇਤ ਵਿੱਚ ਕੰਮ ਕਰਨ ਵਾਲਾ ਕਾਮਾ ਫ਼ਲਾਂ ਦੇ ਮਿਆਰ ਸੁਧਾਰ ਲਈ ਜ਼ਰੂਰੀ ਕੰਮ ਜਿਵੇਂ ਕਿ ਫੁੱਲਾਂ ਨੂੰ ਬੁਰਸ਼ ਕਰਨਾ, ਜੀ.ਏ. ਦੇ ਘੋਲ ਵਿੱਚ ਡੋਬਾ ਦੇਣਾ ਅਤੇ ਹੋਰ ਸਪਰੇਆਂ ਆਸਾਨੀ ਨਾਲ ਅਤੇ ਘੱਟ ਸਮੇਂ ਵਿੱਚ ਨਿਪਟਾ ਸਕਦਾ ਹੈ।

5. **ਕੀਟਨਾਸ਼ਕ ਦਵਾਈਆਂ ਤੋਂ ਘੱਟ ਨੁਕਸਾਨ** : ਅੰਗੂਰਾਂ ਦੇ ਬਾਗਾਂ ਚੋਂ ਚੰਗੀ ਫ਼ਸਲ ਲੈਣ ਲਈ ਕੀੜੇ ਮਕੌੜੇ ਅਤੇ ਬੀਮਾਰੀਆਂ ਤੋਂ ਬਚਾਓ ਜ਼ਰੂਰੀ ਹੈ। ਪਰ ਇਸ ਦੇ ਨਾਲ ਨਾਲ ਕੀਟਨਾਸ਼ਕ ਦਵਾਈਆਂ ਦੇ ਮਾੜੇ ਅਸਰ ਤੋਂ ਬਚਣਾ ਵੀ ਅਤਿਅੰਤ ਜ਼ਰੂਰੀ ਹੈ। ਪੰਡਾਲ ਤੇ ਟਰੇਨ ਹੋਈਆਂ ਉੱਚੀਆਂ ਵੇਲਾਂ ਉਤੇ ਸਪਰੇ ਕਰਨ ਨਾਲ ਜ਼ਿਆਦਾਤਰ ਦਵਾਈਆਂ ਸਪਰੇ ਕਰਨ ਵਾਲੇ ਕਾਮਿਆਂ ਤੇ ਪੈਣ ਨਾਲ ਉਨ੍ਹਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਪੰਡਾਲ ਦੇ ਉੱਤੇ ਵਾਲੇ ਪੱਤਿਆਂ ਤੇ ਘੱਟ ਮਾਰ ਕਰਦੀਆਂ ਹਨ। ਇਸ ਕਾਰਨ ਦਵਾਈਆਂ ਦੀ ਵਰਤੋਂ ਵੀ ਜ਼ਿਆਦਾ ਕਰਨੀ ਪੈਂਦੀ ਹੈ ਅਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਿਹਤ ਤੇ ਵੀ ਮੰਦਾ ਅਸਰ ਹੁੰਦਾ ਹੈ। ਜੋ ਕਿ ਨਵੇਂ ਟਰੇਨਿੰਗ ਸਿਸਟਮ ਵਾਈ ਟਰੈਲਿਸ ਅਪਣਾਉਣ ਨਾਲ ਘਟ ਜਾਂਦਾ ਹੈ।

ਵਾਈ ਸਿਸਟਮ ਦਾ ਢਾਂਚਾ ਅਤੇ ਬਣਤਰ

ਅੰਗੂਰਾਂ ਦੇ ਇਸ ਨਵੇਂ ਟ੍ਰੇਨਿੰਗ ਸਿਸਟਮ ਦਾ ਢਾਂਚਾ (ਚਿੱਤਰ 1) ਅੰਗਰੇਜ਼ੀ ਦੇ ਅੱਖਰ Y ਨਾਲ ਮੇਲ ਖਾਂਦਾ ਹੈ। ਇਸ Y ਨੂੰ ਜ਼ਮੀਨ ਤੇ ਖੜ੍ਹਾ ਕਰਨ ਲਈ ਤਕਰੀਬਨ ਦੋ ਫੁੱਟ ਜ਼ਮੀਨ ਵਿੱਚ ਡੂੰਘਾ ਚਿਣਿਆ ਜਾਂਦਾ ਹੈ। ਕਤਾਰ ਦੀ ਪਹਿਲੀ Y ਅਤੇ ਆਖ਼ਰੀ Y ਨੂੰ ਖਿੱਚ ਦੀ ਲੋੜ ਪੈਂਦੀ ਹੈ ਜੋ ਕਿ ਮਜ਼ਬੂਤ ਵਲਾਂ ਵਾਲੀ ਲੋਹੇ ਦੀ ਤਾਰ ਨਾਲ ਬਣਾਈ ਜਾਂਦੀ ਹੈ ਜਿਸ ਦਾ ਇੱਕ ਸਿਰਾ Y ਨਾਲ ਅਤੇ ਦੂਸਰਾ ਜ਼ਮੀਨ ਵਿੱਚ ਚਿਣਿਆ ਜਾਂਦਾ ਹੈ।


ਢਾਈ ਟ੍ਰੇਨਿੰਗ ਸਿਸਟਮ ਦੇ ਢਾਂਚੇ ਦੀ ਬਣਤਰ
ਐਮ. ਐਸ. ਐਂਗਲ (50 x 50 x 6 ਐਮ. ਐਮ)
ਐਮ. ਐਸ. ਖੜਾ ਪਾਇਪ (2 ਐਂਗਲ 50 x 35 x 5 ਐਮ. ਐਮ)
ਐਮ. ਐਸ. ਐਂਗਲ ਸਪੋਰਟ (35 x 35 x 5 ਐਮ. ਐਮ)
ਐਮ ਐਸ ਹੁਕ
ਕਨਕਰੀਟ 1:2:4
ਕਨਕਰੀਟ 1:8:16
4½" ਮੋਟੀ ਇੱਟਾਂ ਦੀ ਦੀਵਾਰ
45°
4'-0"
2'-0"
2'-3"
6'-0"
18"
12"
6"
1'-3"
4½"
1½"
13½"
3"

(ਚਿੱਤਰ 1)

ਵੇਲਾਂ ਦੀ ਟਰੇਨਿੰਗ ਤੇ ਕਾਂਟ-ਛਾਂਟ

ਅੰਗੂਰ ਦੇ ਬਾਗਾਂ ਚੋਂ ਭਰਪੂਰ ਅਤੇ ਲੰਮੇ ਸਮੇਂ ਤੱਕ ਫ਼ਲ ਲੈਣ ਲਈ ਵੇਲਾਂ ਦੀ ਵਾਈ ਸਿਸਟਮ ਤੇ ਟਰੇਨਿੰਗ ਅਤੇ ਕਾਂਟ-ਛਾਂਟ ਹੇਠ ਲਿਖੇ ਅਨੁਸਾਰ ਕਰੋ :

ਸਾਲ ਪਹਿਲਾ

ਅੰਗੂਰਾਂ ਦੇ ਬੂਟੇ ਇਸ ਨਵੇਂ ਟਰੇਨਿੰਗ ਸਿਸਟਮ ਵਿੱਚ ਜਨਵਰੀ ਅਤੇ ਫ਼ਰਵਰੀ ਮਹੀਨੇ ਵਿੱਚ ਬੂਟੇ ਤੋਂ ਬੂਟਾ ਪੰਜ ਫੁੱਟ ਅਤੇ ਕਤਾਰ ਤੋਂ ਕਤਾਰ ਬਾਰਾਂ ਫੁੱਟ ਦਾ ਫ਼ਾਸਲਾ ਰੱਖ ਕੇ ਲਾਓ। ਤਕਰੀਬਨ ਚਾਰ ਫੁੱਟ ਦੀ ਉਚਾਈ ਤੱਕ ਬੂਟੇ ਨੂੰ ਲਗਾਤਾਰ ਵਧਣ ਦਿਓ ਅਤੇ ਇਸ ਉੱਚਾਈ ਤੱਕ ਪਾਸਿਆਂ ਤੋਂ ਨਿਕਲਦੀਆਂ ਟਹਿਣੀਆਂ ਨੂੰ ਲਗਾਤਾਰ ਤੋੜਦੇ ਰਹੋ ਤਾਂ ਜੋ ਬੂਟੇ ਦਾ ਮੁੱਢਲਾ ਤਣਾ ਤੰਦਰੁਸਤ ਅਤੇ ਤਕੜਾ ਹੋ ਸਕੇ। ਮੁੱਢਲੇ ਤਣੇ ਨੂੰ ਸਿੱਧਾ ਰੱਖਣ ਲਈ ਟੀਸੀ ਤੋਂ ਤਕਰੀਬਨ ਛੇ ਕੁ ਇੰਚ ਥੱਲੇ ਤੋਂ ਸੇਬੇ ਨਾਲ ਬੰਨ੍ਹ ਕੇ ਸਹਾਰਾ ਦਿਉ। ਇਸ ਗੱਲ ਦਾ ਖਾਸ ਖ਼ਿਆਲ ਰੱਖੋ ਕੇ ਸੇਬਾ ਜ਼ਿਆਦਾ ਘੁੱਟ ਕੇ ਨਾ ਬੰਨਿਆ ਹੋਵੇ ਨਹੀਂ ਤਾਂ ਨਰਮ ਬੂਟੇ ਦਾ ਇਕ ਤਰ੍ਹਾਂ ਨਾਲ ਸਾਹ ਹੀ ਘੁੱਟਿਆ ਜਾਂਦਾ ਹੈ ਅਤੇ ਬੂਟਾ ਚੰਗੀ ਤਰ੍ਹਾਂ ਵਧਦਾ ਫੁੱਲਦਾ ਨਹੀਂ। ਜਦੋਂ ਬੂਟਾ ਤਕਰੀਬਨ ਚਾਰ ਫੁੱਟ ਦੀ ਉਚਾਈ ਤੇ ਪਹੁੰਚ ਜਾਵੇ ਤਾਂ ਉਸ ਨੂੰ ਟੀਸੀ ਤੋਂ ਟੂੰਗ ਦਿਓ। ਇਸ ਤਰ੍ਹਾਂ ਕਰਨ ਨਾਲ ਟੀਸੀ ਤੋਂ ਕਈ ਟਹਿਣੀਆਂ ਨਿਕਲਦੀਆਂ ਹਨ ਜਿਨ੍ਹਾਂ ਵਿਚੋਂ ਸਿਰਫ਼ ਦੋ ਟਹਿਣੀਆਂ ਜੋ ਕੇ ਆਪਸ ਵਿੱਚ ਉਲਟ ਦਿਸ਼ਾ ਵਿੱਚ ਹੋਣ (ਇੱਕ ਸੱਜੇ ਤੇ ਦੂਸਰੀ ਖੱਬੇ) ਵੱਲ ਰੱਖੋ।

ਸਾਲ ਦੂਜਾ

ਮੁਢਲੇ ਤਣੇ ਤੋਂ ਨਿਕਲੀਆਂ ਦੋ ਟਹਿਣੀਆਂ ਨੂੰ ਤਕਰੀਬਨ ਪਾਸਿਆਂ ਵਾਲੀਆਂ ਤਾਰਾਂ ਤੱਕ ਹੀ ਵਧਣ ਦਿਓ ਅਤੇ ਇਸ ਤੋਂ ਬਾਅਦ ਇਨ੍ਹਾਂ ਦੋਹਾਂ ਨੂੰ ਵੀ ਟੀਸੀਆਂ ਤੋਂ ਟੂੰਗ ਦਿਓ। ਜਦੋਂ ਨਵੀਆਂ ਟਹਿਣੀਆਂ ਨਿਕਲਣ ਤਾਂ ਇਨ੍ਹਾਂ ਤੋਂ ਫਿਰ ਉਲਟ ਦਿਸ਼ਾ ਵੱਲ ਦੋ ਟਹਿਣੀਆਂ ਨੂੰ ਵਧਣ ਦਿਓ। ਇਸ ਤਰ੍ਹਾਂ ਕਰਨ ਨਾਲ ਦੋਹਾਂ ਪਾਸਿਆਂ ਦਾ ਲਗਾਤਾਰ ਵਾਧਾ ਹੋਵੇ ਅਤੇ ਇਸ ਤਰ੍ਹਾਂ ਕਰਨ ਨਾਲ ਵੇਲਾਂ ਦੀ ਸ਼ਕਲ ਅੰਗਰੇਜ਼ੀ ਅੱਖਰ ਐੱਚ (H) ਵਰਗੀ ਹੋ ਜਾਵੇਗੀ।

ਸਾਲ ਤੀਜਾ

ਦੂਜੇ ਸਾਲ ਵਿੱਚ ਬਣੇ ਐਚ (H) ਦੀਆਂ ਦੋਹਾਂ ਬਾਹੀਆਂ ਤੋਂ ਉੱਪਰ ਵੱਲ ਨਵੀਆਂ ਟਹਿਣੀਆਂ ਵਧਣ ਦਿਓ ਤਾਂ ਜ ਵੇਲ ਪੂਰੀ ਭਰ ਜਾਵੇ ਅਤੇ ਸਭ ਤੋਂ ਉੱਪਰ ਵਾਲੀ ਤਾਰ ਤੱਕ ਟਹਿਣੀਆਂ ਪਹੁੰਚ ਸਕਣ। ਇਸ ਗੱਲ ਦਾ ਖਾਸ ਖ਼ਿਆਲ ਰੱਖੋ ਕਿ ਹਰ ਸਾਲ ਮੁੱਢਲੇ ਬੂਟੇ ਤੋਂ ਅਤੇ ਪਾਸਿਆਂ ਤੇ ਰੱਖੀਆਂ ਮੁੱਖ ਟਹਿਣੀਆਂ ਤੋਂ ਹੇਠਾਂ ਵੱਲ ਨਿਕਲਦੀ ਹਰ ਸ਼ਾਖ਼ ਨੂੰ ਲਗਾਤਾਰ ਤੋੜਦੇ ਰਹੋ ਤਾਂ ਜੋ ਉਪਰਲੀਆਂ ਟਹਿਣੀਆਂ ਲਗਾਤਾਰ ਵਧ ਫੁੱਲ ਸਕਣ।

ਚੌਥੇ ਸਾਲ ਮਗਰੋਂ ਹਰ ਆਉਣ ਵਾਲੇ ਸਾਲ ਵਿੱਚ ਇਸ ਤਰ੍ਹਾਂ ਨਾਲ ਬੂਟੇ ਦੀ ਕਟਾਈ ਕਰੋ ਕਿ ਬੂਟੇ ਉੱਪਰ ਚਾਲੀ ਤੋਂ ਪੰਜਾਹ ਹਰ ਪਾਸੇ ਵੱਲ ਫ਼ੈਲੀਆਂ ਹੋਈਆਂ ਕੇਨਾਂ (ਇੱਕ ਸਾਲ ਪੁਰਾਣੀ ਤਿੰਨ ਤੋਂ ਚਾਰ ਅੱਖਾਂ ਵਾਲੀ ਟਾਹਣੀ) ਬਣ ਸਕਣ ਜਿਨ੍ਹਾਂ ਤੋਂ ਭਰਪੂਰ ਫ਼ਲ ਲਿਆ ਜਾ ਸਕੇ। ਸਭ ਤੋਂ ਉੱਪਰ ਵਾਲੀ ਤਾਰ ਤੋਂ ਉੱਚੀਆਂ ਜਾਂਦੀਆਂ ਟਹਿਣੀਆਂ ਨੂੰ ਫ਼ਲ ਲੱਗਣ ਤੋਂ ਬਾਅਦ ਇੱਕ ਦੋ ਵਾਰ ਕੱਟ ਦਿਉ। ਵੇਲਾਂ ਦੀ ਮੁੱਖ ਕਟਾਈ ਜਦੋਂ ਵੇਲਾਂ ਸਿਥਲ ਅਵਸਥਾ ਵਿੱਚ ਹੋਣ (ਜਨਵਰੀ-ਫ਼ਰਵਰੀ) ਉਦੋਂ ਹੀ ਕਰੋ।

ਜੇ ਉੱਪਰ ਦਿੱਤੀਆਂ ਹਦਾਇਤਾਂ ਤੇ ਅਮਲ ਕੀਤਾ ਜਾਵੇ ਤਾਂ ਜ਼ਿਮੀਂਦਾਰ ਭਰਾ ਇਸ ਨਵੇਂ ਟਰੇਨਿੰਗ ਸਿਸਟਮ ਤੇ ਵੇਲਾਂ ਨੂੰ ਟਰੇਨ ਕਰਕੇ ਅੰਗੂਰਾਂ ਦੇ ਬਾਗਾਂ ਚੋਂ ਲੰਮੇ ਸਮੇਂ ਤੱਕ ਭਰਪੂਰ ਫ਼ਲ ਲੈ ਸਕਦੇ ਹਨ।

ਕਾਂਟ-ਛਾਂਟ : ਹੋਰ ਪੱਤਝੜੀ ਬੂਟਿਆਂ ਤਰ੍ਹਾਂ ਅੰਗੂਰਾਂ ਦੀਆਂ ਵੇਲਾਂ ਨੂੰ ਹਰ ਸਾਲ ਕਾਂਟ-ਛਾਂਟ ਕਰਨ ਦੀ ਲੋੜ ਹੈ। ਕਾਂਟ-ਛਾਂਟ ਕਰਨ ਸਮੇਂ ਇੱਕ ਸਾਲ ਪੁਰਾਣੀਆਂ ਟਹਿਣੀਆਂ ਤਕਰੀਬਨ 50 ਪ੍ਰਤੀਸ਼ਤ ਕੱਟ ਦਿੱਤੀਆਂ ਜਾਂਦੀਆਂ ਹਨ। ਹਰ ਸਾਲ ਇਨ੍ਹਾਂ ਟਹਿਣੀਆਂ ਤੇ 3-4 ਅੱਖਾਂ ਰੱਖ ਕੇ ਬਾਕੀ ਕੱਟ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ 3-4 ਅੱਖਾਂ ਵਾਲੀਆਂ ਇਕ ਸਾਲ ਪੁਰਾਣੀਆਂ ਟਹਿਣੀਆਂ ਨੂੰ ਫ਼ਲ ਕੇਨਾਂ ਵੀ ਕਿਹਾ ਜਾਂਦਾ ਹੈ। ਕਾਂਟ-ਛਾਂਟ ਬਾਅਦ 60-80 ਕੇਨਾਂ ਬਾਵਰ ਸਿਸਟਮ ਉੱਤੇ ਰੱਖਣੀਆਂ ਚਾਹੀਦੀਆਂ ਹਨ। ਇਸ ਗੱਲ ਦਾ ਖਾਸ ਖ਼ਿਆਲ ਰੱਖੋ ਕਿ ਕੇਨਾਂ ਇਕਸਾਰ ਸਾਰਿਆਂ ਪਾਸਿਆਂ ਤੇ ਹੋਣ ਤਾਂ ਜੋ ਫ਼ਲ ਵੀ ਵੇਲਾਂ ਤੇ ਇਕਸਾਰ ਲੱਗ ਸਕੇ। ਕਾਂਟ-ਛਾਂਟ ਸਮੇਂ ਜਿੰਨੀਆਂ ਫ਼ਲ ਕੇਨਾਂ ਰੱਖੀਆਂ ਹੋਣ, ਤਕਰੀਬਨ ਓਨੀਆਂ ਹੀ 1-2 ਅੱਖਾਂ ਵਾਲੀਆਂ ਟਹਿਣੀਆਂ ਜਿੰਨ੍ਹਾਂ ਨੂੰ ਸਪਰ (spur) ਵੀ ਕਿਹਾ ਜਾਂਦਾ ਹੈ, ਜ਼ਰੂਰ ਰੱਖੋ। ਜਿੱਥੇ ਕਿ ਫ਼ਲ ਕੇਨਾਂ ਤੇ ਅੰਗੂਰਾਂ ਦੇ ਗੁੱਛੇ ਲੱਗਦੇ ਹਨ, ਇਸ ਦੇ ਨਾਲ ਨਾਲ ਸਪਰ ਟਹਿਣੀਆਂ ਜੋ ਕੇ ਬਗੈਰ ਫ਼ਲ ਵਾਲੀਆਂ ਟਹਿਣੀਆਂ ਹੁੰਦੀਆਂ ਹਨ, ਉਨ੍ਹਾਂ ਦਾ ਵਾਧਾ ਵੀ ਕਾਫ਼ੀ ਹੁੰਦਾ ਹੈ। ਇਹ ਬਗੈਰ ਫ਼ਲ ਵਾਲੀਆਂ ਟਹਿਣੀਆਂ ਅਗਲੇ ਸਾਲ ਫ਼ਲ ਕੇਨਾਂ ਦੇ ਤੌਰ ਤੇ ਰੱਖੀਆਂ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੀ ਕਟਾਈ ਕਰਨ ਨਾਲ, ਲਗਾਤਾਰ ਕਈ ਸਾਲ ਚੰਗਾ ਭਰਵਾਂ ਫ਼ਲ ਵੇਲਾਂ ਤੇ ਲੱਗਦਾ ਰਹਿੰਦਾ ਹੈ। ਕਾਂਟ-ਛਾਂਟ ਹਰ ਸਾਲ ਕਰਨੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ, ਫ਼ਲ ਵੇਲਾਂ ਦੇ ਮੁੱਢਲੇ ਤਣੇ ਦੇ ਨੇੜੇ ਨੇੜੇ ਹੀ ਲੱਗਦਾ ਹੈ, ਨਹੀਂ ਤਾਂ ਕੁਝ ਸਾਲਾਂ ਬਾਅਦ ਵੇਲਾਂ ਦਾ ਇੱਹ ਮੁੱਢਲਾ ਹਿੱਸਾ ਬਗੈਰ ਫ਼ਲ ਵਾਲਾ ਹੀ ਰਹਿ ਜਾਂਦਾ ਹੈ।

ਅਧਿਆਏ - 7

ਫ਼ਲ-ਮਿਆਰ ਸੁਧਾਰ

ਅੰਗੂਰਾਂ ਵਿੱਚ ਮਿਆਰ ਸੁਧਾਰ ਆਮ ਤੌਰ ਤੇ ਇਜ਼ਰਾਈਲੀ ਤਕਨਾਲੋਜੀ ਦੇ ਨਾਂ ਨਾਲ ਪ੍ਰਚਲਤ ਹੈ । ਇਹ ਤਕਨੀਕ ਖਾਸ ਤੌਰ ਤੇ ਪੰਜਾਬ ਵਿੱਚ ਵੱਡੇ ਪੱਧਰ ਤੇ ਲੱਗੀ ਅੰਗੂਰਾਂ ਦੀ ਕਿਸਮ ਪਰਲਟ ਲਈ ਬਹੁਤ ਲਾਹੇਵੰਦ ਹੈ। ਇਸ ਕਿਸਮ ਦੇ ਗੁੱਛੇ ਵੱਡੇ ਪਰ ਗੁੰਦਵੇਂ ਹੁੰਦੇ ਹਨ। ਜੇ ਇਸੇ ਤਰ੍ਹਾਂ ਇਨ੍ਹਾਂ ਨੂੰ ਵਧਣ ਦਿੱਤਾ ਜਾਵੇ ਤਾਂ ਅੰਗੂਰਾਂ ਵਿੱਚ ਮਿਠਾਸ ਕਾਫੀ ਘੱਟ (15-16 ਪ੍ਰਤੀਸ਼ਤ) ਹੁੰਦੀ ਹੈ, ਜਿਸ ਕਾਰਨ ਮੰਡੀ ਵਿੱਚ ਇਨ੍ਹਾਂ ਅੰਗੂਰਾਂ ਦਾ ਕਾਫੀ ਘੱਟ ਭਾਅ ਮਿਲਦਾ ਹੈ। ਗੁੱਛੇ ਵਿੱਚ ਸਾਰੇ ਅੰਗੂਰਾਂ ਦਾ ਆਕਾਰ ਵੀ ਇਕੋ ਜਿਹਾ ਨਹੀਂ ਹੁੰਦਾ। ਇਜ਼ਰਾਈਲੀ ਤਕਨਾਲੋਜੀ ਜਿਸ ਵਿੱਚ ਫੁੱਲ ਡੋਡੀਆਂ ਨੂੰ ਵਿਰਲਾ ਕਰਨਾ, ਤਣੇ ਤੋਂ ਛੱਲਾ ਉਤਾਰਨਾ, ਜੀ.ਏ. ਵਿੱਚ ਡੋਬਾ ਦੇਣਾ ਅਤੇ ਪੋਟਾਸ਼ੀਅਮ ਦੀਆਂ ਸਪਰੇਆਂ ਕਰਨੀਆਂ ਸ਼ਾਮਲ ਹਨ, ਅੰਗੂਰਾਂ ਦੇ ਕੁਆਲਟੀ ਸੁਧਾਰ ਲਈ ਬਹੁਤ ਜ਼ਰੂਰੀ ਹੈ। ਅੰਗੂਰਾਂ ਦੀ ਕਿਸਮ ਪਰਲਟ ਵਿੱਚ ਹੇਠ ਲਿਖੇ ਅਨੁਸਾਰ ਕੁਆਲਟੀ ਸੁਧਾਰ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

ਫੁੱਲ ਡੋਡੀਆਂ ਨੂੰ ਵਿਰਲਾ ਕਰਨਾ : ਕੁਆਲਟੀ ਸੁਧਾਰ ਲਈ ਫੁੱਲ ਡੋਡੀਆਂ (ਚਿੱਤਰ 4 ੳ) ਨੂੰ ਵਿਰਲਾ ਕਰਨਾ ਸਭ ਤੋਂ ਪਹਿਲਾ ਅਤੇ ਜ਼ਰੂਰੀ ਕੰਮ ਹੈ। ਫੁੱਲ ਖੁੱਲ੍ਹਣ ਤੋਂ ਤਕਰੀਬਨ ਇੱਕ ਹਫ਼ਤਾ ਪਹਿਲਾਂ ਇੱਕ ਤਿਹਾਈ ਫੁੱਲ ਡੋਡੀਆਂ ਖਾਸ ਬੁਰਸ਼ ਜਿਸ ਦੇ ਦੰਦੇ ਵਿਰਲੇ ਹੋਣ ਨਾਲ ਝਾੜੇ (ਚਿੱਤਰ 4 ਅ) ਜਾਂਦੇ ਹਨ। ਫੁੱਲ ਡੋਡੀਆਂ ਵਿਰਲੇ ਕਰਨ ਸਮੇਂ ਗੁੱਛੇ ਨੂੰ ਇੱਕ ਹੱਥ ਨਾਲ ਫੜਿਆ ਜਾਂਦਾ ਹੈ ਅਤੇ ਦੂਸਰੇ ਹੱਥ ਨਾਲ ਬੁਰਸ਼ ਨੂੰ ਫੜ ਕੇ ਥੱਲਿਓਂ (ਗੁੱਛੇ ਦਾ ਚੌੜਾ ਹਿੱਸਾ ਜੋ ਕਿ ਟਾਹਣੀ ਨਾਲ ਲੱਗਿਆ ਹੁੰਦਾ ਹੈ) ਉੱਪਰ ਵੱਲ ਹੌਲੀ ਹੌਲੀ ਧਿਆਨ ਨਾਲ ਫੇਰੋ। ਬੁਰਸ਼ ਫੇਰਨ ਤੋਂ ਬਾਅਦ ਤਕਰੀਬਨ ਇਕੋ ਜਹੀਆਂ ਫੁੱਲ ਡੋਡੀਆਂ (ਚਿੱਤਰ 4 ੲ) ਗੁੱਛੇ ਤੇ ਨਜ਼ਰ ਆਉਣੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਖੇਤ ਦੀ ਸਿੰਚਾਈ ਜ਼ਰੂਰ ਕਰੋ ਨਹੀਂ ਤਾਂ ਰਹਿੰਦੀਆਂ ਫੁੱਲ ਡੋਡੀਆਂ ਦੇ ਸੁੱਕਣ ਦਾ ਡਰ ਹੁੰਦਾ ਹੈ। ਫੁੱਲਾਂ ਨੂੰ ਜੇ ਖੁੱਲ੍ਹਣ ਤੋਂ ਬਾਅਦ ਵਿਰਲਾ ਕੀਤਾ ਜਾਵੇ, ਤਾਂ ਬਾਅਦ ਵਿੱਚ ਅੰਗੂਰਾਂ ਤੇ ਵੀ ਬੁਰਸ਼ ਦੇ ਦਾਗ ਨਜ਼ਰ ਆਂਦੇ ਹਨ।

ਜੀ.ਏ. ਘੋਲ ਵਿੱਚ ਡੋਬਾ : ਜੀ.ਏ. ਘੋਲ ਅੰਗੂਰਾਂ ਦਾ ਆਕਾਰ ਵੱਡਾ ਕਰਨ ਲਈ ਵਰਤਿਆ ਜਾਂਦਾ ਹੈ। ਅੰਗੂਰਾਂ ਦਾ ਆਕਾਰ ਵੱਡਾ ਕਰਨ ਲਈ ਜੀ.ਏ. 40 ਪੀ.ਪੀ.ਐਮ. ਘੋਲ ਵਿੱਚ ਦੋ ਵਾਰ ਗੁੱਛਿਆਂ ਨੂੰ ਡੋਬਿਆ ਜਾਂਦਾ ਹੈ। ਪਹਿਲਾ ਡੋਬਾ ਉਦੋਂ ਦਿਓ ਜਦੋਂ ਗੁੱਛੇ ਵਿੱਚ ਅੰਗੂਰਾਂ ਦਾ ਆਕਾਰ 4 ਮਿਲੀ ਮੀਟਰ ਦਾ ਹੋਵੇ ਅਤੇ ਇਸ ਦੇ ਨਾਲ ਹੀ ਦੂਜਾ ਡੋਬਾ ਇਸ ਤੋਂ ਇੱਕ ਹਫ਼ਤੇ ਬਾਅਦ ਦਿਓ। ਚਾਲੀ ਪੀ.ਪੀ.

ਐਮ. ਜੀ.ਏ. ਦਾ ਘੋਲ ਬਣਾਉਣ ਲਈ, ਇੱਕ ਗਰਾਮ ਜੀ.ਈ. ਨੂੰ ਸ਼ੀਸ਼ੇ ਦੇ ਬਰਤਨ ਵਿੱਚ ਪਾ ਕੇ 50 ਮਿਲੀ ਲੀਟਰ ਈਥਾਈਲ ਅਲਕੋਹਲ ਵਿੱਚ ਘੋਲੋ। ਜੀ.ਏ. ਦੇ ਇਸ 50 ਮਿਲੀ ਲੀਟਰ ਘੋਲ ਨੂੰ 25 ਲੀਟਰ ਵਾਲੇ ਸ਼ੀਸ਼ੇ ਦੇ ਬਰਤਨ ਵਿੱਚ ਪਾਓ ਅਤੇ ਸਾਫ਼ ਪਾਣੀ ਨਾਲ 25 ਲਿਟਰ ਦਾ ਕੁੱਲ ਘੋਲ ਬਣਾਓ।

ਛੱਲਾ ਉਤਾਰਨਾ : ਅੰਗੂਰ ਦੀ ਵੇਲ ਦੇ ਮੁੱਖ ਤਣੇ ਤੋਂ ਤਕਰੀਬਨ 2 ਮਿਲੀ ਮੀਟਰ ਦਾ ਛੱਲਾ ਇੱਕ ਖਾਸ ਔਜ਼ਾਰ ਨਾਲ (ਪਲੇਟ 5) ਉਸ ਸਮੇਂ ਉਤਾਰੋ ਜਦੋਂ ਅੰਗੂਰਾਂ ਦਾ ਆਕਾਰ ਤਕਰੀਬਨ 4 ਮਿਲੀ ਮੀਟਰ ਹੋਵੇ। ਛੱਲਾ ਉਤਾਰਨ ਸਮੇਂ ਦੋ ਗੱਲਾਂ ਦਾ ਖਾਸ ਖ਼ਿਆਲ ਰੱਖੋ, ਪਹਿਲੀ ਕਿ ਇਹ ਜ਼ਿਆਦਾ ਡੂੰਘਾ ਨਾ ਹੋਵੇ ਅਤੇ ਦੂਸਰੀ, ਛੱਲਾ ਉਤਾਰਨ ਤੋਂ ਬਾਅਦ 3-4 ਹਫਤੇ ਤੱਕ ਖੇਤ ਸੁੱਕੇ ਨਾ ਰਹਿਣ। ਇਸ ਤਰ੍ਹਾਂ ਛੱਲਾਂ ਉਤਾਰਨ ਨਾਲ ਥੋੜ੍ਹੀ ਦੇਰ ਲਈ ਪੱਤਿਆਂ ਵਿੱਚ ਬਣਦੀ ਖ਼ੁਰਾਕ ਜੜ੍ਹਾਂ ਦੀ ਬਜਾਏ ਵਧ ਰਹੇ ਗੁੱਛਿਆਂ ਵੱਲ ਚਲੀ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਗੁੱਛਿਆਂ ਵਿੱਚ ਮਿਠਾਸ/ ਖਟਾਸ ਦੀ ਮਾਤਰਾ ਕਾਫੀ ਵਧ ਜਾਂਦੀ ਹੈ। ਅੰਗੂਰਾਂ ਦੀਆਂ ਵੇਲਾਂ ਤੋਂ ਛੱਲਾਂ ਧਿਆਨ ਨਾਲ ਉਤਾਰੋ ਨਹੀਂ ਤਾਂ ਵੇਲਾਂ ਦਾ ਕਾਫ਼ੀ ਨੁਕਸਾਨ ਹੋ ਸਕਦਾ ਹੈ ਅਤੇ ਝਾੜ ਘਟਣ ਦੀ ਵੀ ਸੰਭਾਵਨਾ ਹੁੰਦੀ ਹੈ।

ਪੋਟਾਸ਼ੀਅਮ ਦੀਆਂ ਸਪਰੇਆਂ

ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਅੰਗੂਰਾਂ ਦੇ ਚੰਗੇ ਰੰਗ ਲਈ ਪੋਟਾਸ਼ੀਅਮ ਤੱਤ ਦੀ ਬਹੁਤ ਲੋੜ ਹੈ। ਅੰਗੂਰਾਂ ਦੀ ਪਰਲਟ ਕਿਸਮ ਦੇ ਰੰਗ ਵਿੱਚ ਵਾਧਾ ਕਰਨ ਲਈ ਪੋਟਾਸ਼ੀਅਮ ਸਲਫੇਟ ਦੀਆਂ ਦੋ ਸਪਰੇਆਂ (1.5 ਪ੍ਰਤੀਸ਼ਤ) ਬਹੁਤ ਲਾਹੇਵੰਦ ਹਨ। ਪਹਿਲੀ ਸਪਰੇ ਫ਼ਲ ਡੋਡੀਆਂ ਬਣਨ ਤੋਂ ਤਕਰੀਬਨ ਇੱਕ ਹਫ਼ਤੇ ਬਾਅਦ ਕਰੋ ਅਤੇ ਦੂਸਰੀ ਉਦੋਂ ਕਰੋ ਜਦੋਂ ਅੰਗੂਰਾਂ ਦਾ ਰੰਗ ਗਾੜ੍ਹੇ ਹਰੇ ਰੰਗ ਤੋਂ ਹਲਕੇ ਹਰੇ ਰੰਗ ਦਾ ਹੋਣਾ ਸ਼ੁਰੂ ਹੋ ਜਾਵੇ। ਪੋਟਾਸ਼ੀਅਮ ਸਲਫੇਟ ਦੀਆਂ ਦੋ ਸਪਰੇਆਂ ਕਰਨ ਨਾਲ ਅੰਗੂਰਾਂ ਦਾ ਰੰਗ ਪੱਕਣ ਸਮੇਂ ਹਲਕੇ ਹਰੇ ਦੀ ਬਜਾਏ ਸੁਨਹਿਰੀ ਹਰੇ ਰੰਗ (ਪਲੇਟ 6 ੳ) ਦਾ ਹੋ ਜਾਂਦਾ ਹੈ ਅਤੇ ਇਸ ਦਾ ਆਮ ਅੰਗੂਰਾਂ ਨਾਲੋਂ ਮੰਡੀ ਵਿੱਚ ਭਾਅ ਵੀ ਵੱਧ ਮਿਲਦਾ ਹੈ।

ਐਥੀਫੋਨ ਨਾਲ ਰੰਗ ਵਿੱਚ ਵਾਧਾ

ਅੰਗੂਰਾਂ ਦੀਆਂ ਰੰਗਦਾਰ ਕਿਸਮਾਂ ਜਿਵੇਂ ਕਿ ਫਲੇਮ ਸੀਡਲੈਸ, ਵਿੱਚ ਆਮ ਤੌਰ ਤੇ ਗੁੱਛੇ ਦੇ ਸਾਰੇ ਅੰਗੂਰਾਂ ਦਾ ਰੰਗ ਇੱਕਸਾਰ ਨਹੀਂ ਹੁੰਦਾ। ਕੁੱਝ ਅੰਗੂਰ ਹਲਕੇ ਹਰੇ ਰੰਗ ਦੇ ਅਤੇ ਬਾਕੀ ਰੰਗਦਾਰ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਗੁੱਛਿਆਂ ਦਾ ਮੁੱਲ ਵੀ ਘੱਟ ਹੀ ਪੈਂਦਾ ਹੈ। ਸੋ ਇਕਸਾਰ ਰੰਗ ਕਰਨ ਲਈ ਐਥੀਫੋਨ 400 ਪੀ.ਪੀ.ਐਮ. ਦੀ ਇੱਕ ਸਪਰੇ ਅੰਗੂਰਾਂ ਦੇ ਰੰਗ ਬਦਲਣ ਦੇ ਸਮੇਂ ਕਰੋ। ਗੁੱਛਿਆਂ ਦੇ ਰੰਗ ਵਿੱਚ ਹੋਰ ਸੁਧਾਰ (ਪਲੇਟ 6 ਅ) ਕਰਨ ਲਈ ਫੁੱਲ ਡੋਡੀਆਂ ਬਣਨ ਤੋਂ ਬਾਅਦ ਗੁੱਛਿਆਂ ਨੂੰ ਵਿਰਲਾ ਕਰਨਾ ਅਤੇ ਅੰਗੂਰ ਦੇ ਰੰਗ ਬਦਲਣ (ਪਲੇਟ 6 ੲ) ਦੇ ਸਮੇਂ ਤੇ ਮੁੱਖ ਤਣੇ ਤੋਂ ਛੱਲਾ ਉਤਾਰਨਾ ਵੀ ਲਾਹੇਵੰਦ ਹੈ ।

ਅਧਿਆਏ - 8

ਅੰਗੂਰਾਂ ਦੀ ਤੁੜਾਈ, ਦਰਜ਼ਾਬੰਦੀ ਅਤੇ ਮੰਡੀਕਰਨ

ਅੰਗੂਰਾਂ ਦੀ ਤੁੜਾਈ : ਅੰਗੂਰ ਉਨ੍ਹਾਂ ਫ਼ਲਾਂ ਵਿੱਚੋਂ ਇੱਕ ਹੈ ਜੋ ਕਿ ਤੋੜਨ ਤੋਂ ਬਾਅਦ ਪੱਕਦੇ ਨਹੀਂ। ਇਸ ਤਰ੍ਹਾਂ ਦੇ ਫ਼ਲਾਂ ਨੂੰ ਨੋਨ ਕਲਾਈਮੈਕਟੈਰਿਕ ਫ਼ਲ ਵੀ ਕਿਹਾ ਜਾਂਦਾ ਹੈ। ਸਧਾਰਨ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਅੰਗੂਰ ਜੇ ਤੁੜਾਈ ਦੇ ਸਮੇਂ ਖੱਟੇ ਹੋਣ ਤਾਂ ਇਹ ਬਾਅਦ ਵਿੱਚ ਭਾਵੇਂ ਹਫ਼ਤਿਆਂ ਬੱਧੀ ਰੱਖੇ ਜਾਣ ਤਾਂ ਮਿੱਠੇ ਨਹੀਂ ਹੋ ਸਕਦੇ। ਇਸ ਦਾ ਮੁੱਖ ਕਾਰਨ ਇਹ ਹੈ ਕਿ ਤੋੜਨ ਤੋਂ ਬਾਅਦ ਜੋ ਵੀ ਕਾਰਬੋਹਾਈਡਰੇਟਸ ਅੰਗੂਰਾਂ ਵਿੱਚ ਹੁੰਦੇ ਹਨ, ਉਹ ਖੰਡ ਵਿੱਚ ਨਹੀਂ ਬਦਲਦੇ। ਪਰ ਇਸ ਦੇ ਉਲਟ ਕੁਝ ਅਜਿਹੇ ਫ਼ਲ ਵੀ ਹਨ ਜਿਵੇਂ ਕਿ ਅੰਬ, ਕੇਲਾ, ਨਾਖ ਅਤੇ ਨਾਸ਼ਪਤੀ ਜੋ ਕਿ ਕਲਾਈਮੈਕਟੈਰਿਕ ਫ਼ਲ ਹਨ, ਤੋੜਨ ਤੋਂ ਬਾਅਦ ਵੀ ਮਿੱਠੇ ਹੋ ਜਾਂਦੇ ਹਨ।

ਸੋ ਸੁਆਲ ਇਹ ਹੈ ਕਿ ਅੰਗੂਰ ਕਦੋਂ ਤੋੜੇ ਜਾਣ ਤਾਂ ਜੋ ਉਨ੍ਹਾਂ ਦੀ ਕੁਆਲਟੀ ਅੱਛੀ ਹੋਵੇ? ਅੰਗੂਰਾਂ ਦੀ ਤੁੜਾਈ ਉਦੋਂ ਕਰੋ ਜਦੋਂ ਗੁੱਛੇ ਦਾ ਸਭ ਤੋਂ ਸਿਰੇ ਵਾਲਾ ਅੰਗੂਰ ਖਾਣ ਨੂੰ ਮਿੱਠਾ ਲੱਗੇ ਤਾਂ ਸਮਝੋ ਸਾਰਾ ਗੁੱਛਾ ਹੀ ਪੱਕ ਗਿਆ। ਕਿਉਂਕਿ ਅੰਗੂਰ ਦਾ ਗੁੱਛਾ ਥੱਲਿਓ (ਚੌੜੇ ਪਾਸਿਓ) ਸ਼ੁਰੂ ਹੋ ਕੇ ਸਿਰੇ ਵੱਲ ਨੂੰ ਪੱਕਦਾ ਹੈ। ਜੇ ਜ਼ਿਆਦਾ ਬਰੀਕੀ ਵਿੱਚ ਦੇਖਣਾ ਹੋਵੇ ਤਾਂ ਅੰਗੂਰਾਂ ਦੀ ਮਿਠਾਸ/ ਖਟਾਸ ਇੱਕ ਖਾਸ ਯੰਤਰ ਜਿਸ ਨੂੰ ਰਿਫਰੈਕਟੋਮੀਟਰ ਕਿਹਾ ਜਾਂਦਾ ਹੈ, ਨਾਲ ਪਰਖ਼ ਲਵੋ। ਅੰਗੂਰਾਂ ਵਿੱਚ ਇਹ ਮਿਠਾਸ/ ਖਟਾਸ ਵੱਖ-ਵੱਖ ਕਿਸਮਾਂ ਵਿੱਚ ਵੱਖ-ਵੱਖ ਹੁੰਦੀ ਹੈ। ਪਰਲਟ ਕਿਸਮ ਵਿੱਚ ਇਹ 16-17 ਪ੍ਰਤੀਸ਼ਤ ਹੁੰਦੀ ਹੈ, ਪਰ ਰੰਗਦਾਰ ਕਿਸਮਾਂ ਜਿਵੇਂ ਫਲੇਮ ਸੀਡਲੈਸ ਅਤੇ ਪੰਜਾਬ ਪਰਪਲ ਵਿੱਚ ਇਹ 17-18 ਪ੍ਰਤੀਸ਼ਤ ਹੁੰਦੀ ਹੈ। ਇਸ ਤੋਂ ਬਾਅਦ ਜ਼ਰੂਰੀ ਗੱਲ ਇਹ ਵੀ ਹੈ ਕਿ ਅੰਗੂਰਾਂ ਦੀ ਤੁੜਾਈ ਕਿਸ ਤਰ੍ਹਾਂ ਕੀਤੀ ਜਾਵੇ? ਅੰਗੂਰ ਤੋੜਨ ਦਾ ਵੀ ਇੱਕ ਖਾਸ ਤਰੀਕਾ ਹੈ। ਗੁੱਛਾ ਤੋੜਨ ਲਈ ਹਮੇਸ਼ਾਂ ਗੁੱਛੇ ਨੂੰ ਡੰਡੀ ਤੋਂ ਫੜੋ ਅਤੇ ਫਿਰ ਕੈਂਚੀ ਨਾਲ ਗੁੱਛੇ ਨੂੰ ਟਹਿਣੀ ਤੋਂ ਅਲੱਗ ਕਰ ਲਵੋ। ਅੰਗੂਰਾਂ ਦੇ ਉੱਤੇ ਇੱਕ ਖਾਸ ਕਿਸਮ ਦੀ ਚਿੱਟੇ ਰੰਗ ਦੀ ਜਿਲਦ ਚੜ੍ਹੀ ਹੁੰਦੀ ਹੈ ਜਿਸ ਨੂੰ ਅੰਗਰੇਜ਼ੀ ਵਿੱਚ ਬਲੂਮ ਵੀ ਆਖਦੇ ਹਨ, ਗੁੱਛੇ ਨੂੰ ਤੰਦਰੁਸਤ ਰੱਖਣ ਵਿੱਚ ਇਹ ਬਹੁਤ ਮਦਦ ਕਰਦੀ ਹੈ। ਇਸ ਜਿਲਦ ਕਾਰਨ ਗੁੱਛੇ ਨੂੰ ਗਾਲਣ ਵਾਲੀਆ ਬੀਮਾਰੀਆਂ ਵੀ ਘੱਟ ਲੱਗਦੀਆਂ ਹਨ। ਰੰਗਦਾਰ ਅੰਗੂਰਾਂ ਵਿੱਚ ਇਹ ਜਿਲਦ ਆਮ ਦੇਖਣ ਨੂੰ ਮਿਲਦੀ ਹੈ।

ਇਹ ਵੀ ਜ਼ਰੂਰੀ ਹੈ ਕਿ ਅੰਗੂਰ ਦਿਨ ਦੇ ਕਿਸ ਸਮੇਂ ਤੇ ਤੋੜੇ ਜਾਣ? ਅੰਗੂਰਾਂ ਦੀ ਫ਼ਸਲ ਪੰਜਾਬ ਵਿੱਚ ਸਿਖ਼ਰ ਦੀ ਗਰਮੀ ਵਿੱਚ ਪੱਕਦੀ ਹੈ। ਸੋ ਅੰਗੂਰ ਜਾਂ ਤਾਂ ਸਵੇਰੇ ਸਵੇਰੇ ਤੋੜੇ ਜਾਣੇ ਚਾਹੀਦੇ ਹਨ ਅਤੇ ਜਾਂ ਸ਼ਾਮ ਪੈਣ ਵੇਲੇ । ਸਵੇਰ ਦਾ ਸਮਾਂ ਜ਼ਿਆਦਾ ਚੰਗਾ ਹੈ ਕਿਉਂਕਿ ਘੱਟ ਤਾਪਮਾਨ ਦੇ ਸਮੇਂ ਅੰਗੂਰ ਤੋੜਨ ਤੋਂ ਬਾਅਦ, ਇਨ੍ਹਾਂ ਨੂੰ ਦਿਨੇ ਮੰਡੀ ਵਿੱਚ ਵੇਚਿਆ ਜਾਂ ਠੰਡੇ ਸਟੋਰ ਵਿੱਚ ਸਾਂਭਿਆ ਜਾ ਸਕਦਾ ਹੈ। ਅੰਗੂਰਾਂ ਦੀ ਤੁੜਾਈ ਦਾ ਸਮਾਂ, ਤੋੜਨ ਤੋਂ ਬਾਅਦ ਤੰਦਰੁਸਤ ਰਹਿਣ ਦੀ ਸ਼ਕਤੀ ਤੇ ਬਹੁਤ ਅਸਰ ਕਰਦਾ ਹੈ।

ਅੰਗੂਰਾਂ ਦੀ ਦਰਜ਼ਾਬੰਦੀ

ਜ਼ਿਮੀਂਦਾਰ ਬਹੁਤ ਮਿਹਨਤ ਨਾਲ ਅੰਗੂਰਾਂ ਦੀ ਫ਼ਸਲ ਉਗਾਉਂਦਾ ਹੈ, ਪਰ ਜੇ ਦਰਜ਼ਾਬੰਦੀ ਦੇ ਸਮੇਂ ਢਿੱਲ ਕਰ ਜਾਵੇ ਤਾਂ ਕਾਫੀ ਮੁਨਾਫ਼ਾ ਘਟਾ ਲੈਂਦਾ ਹੈ। ਮੰਡੀ ਵਿੱਚ ਚੰਗਾ ਭਾਅ ਲੈਣ ਲਈ ਦਰਜ਼ਾਬੰਦੀ ਬਹੁਤ ਜ਼ਰੂਰੀ ਹੈ। ਅੰਗੂਰਾਂ ਵਿੱਚ ਦਰਜ਼ਾਬੰਦੀ ਗੁੱਛੇ ਦੀ ਸ਼ਕਲ, ਗੁੱਛੇ ਦਾ ਆਕਾਰ, ਗੁੱਛੇ ਵਿੱਚ ਅੰਗੂਰਾਂ ਦੀ ਇਕਸਾਰਤਾ ਅਤੇ ਰੰਗ ਅਨੁਸਾਰ ਕਰਨੀ ਚਾਹੀਦੀ ਹੈ। ਦਰਜ਼ਾਬੰਦੀ ਕਰਨੀ ਹੋਰ ਵੀ ਜ਼ਰੂਰੀ ਹੈ ਜਦੋਂ ਅੰਗੂਰ ਬਾਹਰਲੇ ਦੇਸ਼ਾਂ ਵਿੱਚ ਭੇਜਣੇ ਹੋਣ। ਦਰਜ਼ਾਬੰਦੀ ਸਮੇਂ ਸਭ ਤੋਂ ਪਹਿਲਾਂ ਛੋਟੇ ਆਕਾਰ ਦੇ, ਹਰੇ ਅਤੇ ਗਲੇ ਹੋਏ ਅੰਗੂਰ ਗੁੱਛੇ ਵਿੱਚੋਂ ਛੋਟੀ ਤਿੱਖੀ ਕੈਂਚੀ ਦੀ ਮਦਦ ਨਾਲ ਤੋੜੋ। ਇਸ ਤੋਂ ਬਾਅਦ ਇੱਕਸਾਰ ਅਤੇ ਵੱਡੇ ਅੰਗੂਰਾਂ ਵਾਲੇ ਗੁੱਛੇ ਅਲੱਗ ਕਰ ਲਵੋ। ਰੰਗਦਾਰ ਅੰਗੂਰਾਂ ਵਿੱਚ ਇੱਕੋ ਜਹੇ ਰੰਗ ਵਾਲੇ ਗੁੱਛੇ ਅਲੱਗ ਕਰੋ ਅਤੇ ਉਹ ਗੁੱਛੇ ਜਿੰਨ੍ਹਾਂ ਵਿੱਚ ਵੱਖ-ਵੱਖ ਰੰਗਾਂ ਦੇ ਅੰਗੂਰ ਹੋਣ, ਅੱਲਗ ਕਰ ਲਵੋ। ਬਾਕੀ ਬਚੇ ਗੁੱਛਿਆਂ ਨੂੰ ਆਕਾਰ ਦੇ ਹਿਸਾਬ ਨਾਲ ਫਿਰ ਅਲੱਗ-ਅਲੱਗ ਕਰ ਲਵੋ। ਸੋ ਇਸ ਤਰ੍ਹਾਂ ਕਰਨ ਨਾਲ ਚੰਗੇ ਗੁੱਛਿਆਂ ਦਾ ਮੁੱਲ, ਬਹੁਤ ਛੋਟੇ ਗੁੱਛਿਆਂ ਨਾਲੋਂ ਕਾਫ਼ੀ ਜ਼ਿਆਦਾ ਮਿਲ ਸਕਦਾ ਹੈ ਅਤੇ ਬਹੁਤ ਛੋਟੇ ਗੁੱਛੇ ਰਸ ਕੱਢਣ ਲਈ ਵਰਤੇ ਜਾ ਸਕਦੇ ਹਨ।

ਅੰਗੂਰਾਂ ਦੀ ਡੱਬਾ ਬੰਦੀ : ਕਿਸੇ ਵੀ ਹੋਰ ਫ਼ਲ ਦੀ ਤਰ੍ਹਾਂ ਅੰਗੂਰਾਂ ਦੀ ਡੱਬੇ ਬੰਦੀ ਵੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਅੰਗੂਰ ਕਿੱਥੇ ਵੇਚਣੇ ਹਨ। ਜੇ ਅੰਗੂਰ ਨੇੜੇ ਲੱਗਦੀਆਂ ਮੰਡੀਆਂ ਵਿੱਚ ਵੇਚਣੇ ਹੋਣ ਤਾਂ ਬਹੁਤ ਮਹਿੰਗੇ ਬਕਸਿਆਂ ਵਿੱਚ ਡੱਬਾ ਬੰਦੀ ਕਰਨੀ ਕੋਈ ਜ਼ਰੂਰੀ ਨਹੀਂ। ਪਰ ਜੇ ਅੰਗੂਰ ਦੂਰ ਦੀਆਂ ਮੰਡੀਆਂ ਜਾਂ ਦੂਜੇ ਦੇਸ਼ਾਂ ਵਿੱਚ ਭੇਜਣੇ ਹੋਣ ਤਾਂ ਡੱਬਾ ਬੰਦੀ ਵੀ ਉਸੇ ਮੁਤਾਬਿਕ ਹੀ ਕਰਨੀ ਪਵੇਗੀ। ਅਜਿਹੀਆਂ ਮੰਡੀਆਂ ਵਿੱਚ ਅੰਗੂਰ ਭੇਜਣ ਲਈ ਚਾਰ ਕਿੱਲੋ ਦੇ ਨਲੀਦਾਰ ਗੱਤੇ ਦੇ ਸੀ.ਐਫ.ਬੀ. ਬਕਸੇ ਵਰਤੇ ਜਾਂਦੇ ਹਨ। ਇਨ੍ਹਾਂ ਬਕਸਿਆਂ ਵਿੱਚ ਅੰਗੂਰਾਂ ਦੇ ਥੱਲੇ ਨਰਮ ਕਾਗਜ਼ ਵਿਛਾਇਆ ਜਾਂਦਾ ਹੈ, ਤਾਂ ਜੋ ਅੰਗੂਰ ਖ਼ਰਾਬ ਨਾ ਹੋਣ। ਇਸ ਤੋਂ ਇਲਾਵਾ ਅੰਗੂਰ ਡੱਬੇ ਵਿੱਚ ਪਾਉਣ ਤੋਂ ਬਾਅਦ ਉੱਪਰੋਂ ਇੱਕ ਅਜਿਹੇ ਕਾਗਜ਼ ਨਾਲ ਢਕਿਆ ਜਾਂਦਾ ਹੈ, ਜੋ ਕੇ ਅੰਗੂਰਾਂ ਦੀ ਪੈਕਿੰਗ ਸਮੇਂ ਅੰਗੂਰਾਂ ਵਿਚੋਂ ਨਿਕਲਦੀ

ਐਥਲੀਨ ਗੈਸ ਆਪਣੇ ਆਪ ਵਿੱਚ ਸਮੇਟ ਲਵੋ। ਸੋ ਇਸ ਤਰ੍ਹਾਂ ਪੈਕ ਕੀਤੇ ਗਏ ਅੰਗੂਰ ਡੱਬਾ ਬੰਦੀ ਸਮੇਂ ਗਲਦੇ ਸੜਦੇ ਨਹੀਂ ਅਤੇ ਜ਼ਿਆਦਾ ਦੇਰ ਤੱਕ ਤੰਦਰੁਸਤ ਅਤੇ ਤਾਜ਼ੇ ਰਹਿ ਸਕਦੇ ਹਨ।

ਅੰਗੂਰਾਂ ਦਾ ਮੰਡੀਕਰਨ : ਚੰਗਾ ਮੁਨਾਫ਼ਾ ਲੈਣ ਲਈ ਅੰਗੂਰਾਂ ਦੀ ਸਹੀ ਦਰਜ਼ਾਬੰਦੀ, ਡੱਬਾ ਬੰਦੀ ਅਤੇ ਸਹੀ ਮੰਡੀਕਰਨ ਬਹੁਤ ਜ਼ਰੂਰੀ ਹੈ। ਮੰਡੀਕਰਨ ਕਿੱਥੇ ਕੀਤਾ ਜਾਵੇ, ਹੇਠ ਲਿਖੀਆਂ ਗੱਲਾਂ ਤੇ ਨਿਰਭਰ ਕਰਦਾ ਹੈ :-

* ਅੰਗੂਰਾਂ ਦੀ ਪੈਦਾਵਾਰ ਕਿੰਨੀ ਹੈ?
* ਅੰਗੂਰਾਂ ਦੀ ਕੁਆਲਟੀ ਕਿਹੋ ਜਿਹੀ ਹੈ?
* ਨੇੜੇ ਦੀਆਂ ਮੰਡੀਆਂ ਵਿੱਚ ਅੰਗੂਰਾਂ ਦਾ ਕੀ ਭਾਅ ਹੈ?
* ਦੂਰ ਦੀਆਂ ਮੰਡੀਆਂ ਵਿੱਚ ਅੰਗੂਰਾਂ ਦਾ ਕੀ ਭਾਅ ਹੈ?
* ਜੇ ਦੂਰ ਦੀਆਂ ਮੰਡੀਆਂ ਵਿੱਚ ਅੰਗੂਰ ਵੇਚੇ ਜਾਣ ਤਾਂ ਉਨ੍ਹਾਂ ਉੱਪਰ ਢੋਆ ਢੁਆਈ ਦੇ ਅਤੇ ਹੋਰ ਕਿੰਨੇ ਖ਼ਰਚੇ ਹਨ?
* ਅੰਗੂਰ ਉਗਾਉਣ ਵਿੱਚ ਕਿੰਨਾ ਖ਼ਰਚਾ ਆਇਆ ਹੈ?
* ਕੀ ਜੋ ਅੰਗੂਰ ਤੁਸੀਂ ਦੂਜੀਆਂ ਮੰਡੀਆਂ ਵਿੱਚ ਭੇਜਣਾ ਚਾਹੁੰਦੇ ਹੋ ਉਸ ਜਗ੍ਹਾ ਦੀ ਲੋੜ ਮੁਤਾਬਿਕ ਠੀਕ ਹੈ?

ਉੱਪਰ ਦਿੱਤੀਆਂ ਇਨ੍ਹਾਂ ਸਾਰੀਆਂ ਗੱਲਾਂ ਦਾ ਖ਼ਿਆਲ ਰੱਖਣ ਤੋਂ ਬਾਅਦ ਹੀ ਅੰਗੂਰਾਂ ਦਾ ਮੰਡੀਕਰਨ ਕਰੋ।

ਅਧਿਆਏ - 9

ਕੀੜੇ-ਮਕੌੜੇ ਅਤੇ ਬੀਮਾਰੀਆਂ

ੳ. ਕੀੜੇ-ਮਕੌੜੇ

1. **ਅੰਗੂਰਾਂ ਦੀਆਂ ਵੇਲਾਂ ਦੀ ਜੂੰ (ਥਰਿੱਪ)** : ਇਹ ਪੀਲੇ ਰੰਗ ਦੀ ਬਹੁਤ ਛੋਟੀ, ਬਰੀਕ ਲੰਬੂਤਰੇ ਸਰੀਰ ਵਾਲੀ ਹੁੰਦੀ ਹੈ। ਇਹ ਪੌਦੇ ਦੇ ਪੱਤਿਆਂ ਦਾ ਰਸ ਚੂਸ ਕੇ ਉਨ੍ਹਾਂ ਨੂੰ ਪੀਲਾ ਤੇ ਤਾਂਬੇ ਰੰਗਾ ਕਰ ਦਿੰਦੀ ਹੈ। ਫੁੱਲ ਡਿੱਗ ਪੈਂਦੇ ਹਨ ਅਤੇ ਫ਼ਲਾਂ ਉੱਪਰ ਕੋਹੜ ਵਰਗੇ ਭੂਰੇ ਰੰਗ ਦੇ ਨਿਸ਼ਾਨ ਬਣ ਜਾਂਦੇ ਹਨ। ਇਸ ਕੀੜੇ ਦਾ ਨੁਕਸਾਨ ਜਨਵਰੀ-ਫ਼ਰਵਰੀ ਅਤੇ ਦੁਬਾਰਾ ਸਤੰਬਰ ਵਿੱਚ ਹੁੰਦਾ ਹੈ। ਇਸ ਦਾ ਹਮਲਾ ਬਰਸਾਤ ਪਿੱਛੋਂ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ ਅਤੇ ਹਮਲੇ ਹੇਠ ਆਏ ਪੱਤੇ ਛਪਾਕੀ ਵਾਂਗ ਸਫ਼ੈਦ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ 500 ਮਿਲੀਲਿਟਰ 50 ਈ ਸੀ ਮੈਲਾਥੀਆਨ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ 100 ਵੇਲਾਂ ਤੇ ਛਿੜਕੋ। ਇਕ ਛਿੜਕਾਅ ਫੁੱਲ ਪੈਣ ਤੋਂ ਪਹਿਲਾਂ ਅਤੇ ਦੂਜਾ ਛਿੜਕਾਅ ਫ਼ਲ ਪੈਣ ਤੋਂ ਬਾਅਦ ਕਰੋ।

2. **ਜੈਸਿਡ** : ਇਹ ਕੀੜਾ ਪੱਤੇ ਦੇ ਹੇਠੋਂ ਰਸ ਚੂਸਦਾ ਹੈ। ਇਸ ਕੀੜੇ ਦੇ ਜ਼ਿਆਦਾ ਹੋਣ ਨਾਲ ਪੱਤਿਆਂ ਉੱਪਰ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ। ਪੱਤੇ ਇੱਕਠੇ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਭੂਰੇ ਹੋਣ ਤੋਂ ਬਾਅਦ ਜ਼ਮੀਨ ਤੇ ਡਿੱਗ ਪੈਂਦੇ ਹਨ। ਬਾਰਸ਼ਾਂ ਤੋਂ ਬਾਅਦ ਇਸ ਕੀੜੇ ਦਾ ਅਸਰ ਕਾਫ਼ੀ ਹੁੰਦਾ ਹੈ। ਇਹ ਕੀੜਾ ਪੱਤਿਆਂ ਅਤੇ ਫ਼ਲਾਂ ਉੱਪਰ ਉੱਲੀ (ਸੂਟੀ ਮੋਲਡ) ਲਈ ਵੀ ਜ਼ਿੰਮੇਵਾਰ ਹੈ ਜਿਸ ਕਰਕੇ ਅੰਗੂਰਾਂ ਦਾ ਝਾੜ ਅਤੇ ਕੁਆਲਟੀ ਕਾਫੀ ਘਟਦੀ ਹੈ। ਜੈਸਿਡ ਦਾ ਅਸਰ ਘਟਾਉਣ ਲਈ 500 ਮਿਲੀਲਿਟਰ ਫੌਲੀਥੀਆਮ/ਸੁਮੀਥੀਆਨ/ਇਥੀਉਨ 50 ਤਾਕਤ (ਫੈਨੀਟਰੋਥੀਆਨ) ਜਾਂ 1.5 ਕਿਲੋ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।

3. **ਪੀਲੇ ਅਤੇ ਲਾਲ ਭੂੰਡ (ਧਮੋੜੀਆਂ)** : ਇਹ ਕੀੜੇ ਪਤਲੀ ਛਿੱਲ ਅਤੇ ਬਹੁਤ ਮਿਠਾਸ ਵਾਲੇ ਅੰਗੂਰਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਵਾੜਾਂ ਦੇ ਨੇੜੇ ਲੱਗਦੇ ਰੁੱਖਾਂ ਵਿੱਚ ਲੁਕੇ ਭੂੰਡਾਂ ਦੇ ਘਰਾਂ ਨੂੰ ਸੂਰਜ ਛਿਪਣ ਸਮੇਂ ਝਾੜ ਦਿਓ। ਛੋਟੀ ਪੱਧਰ ਤੇ ਮਲਮਲ ਦੇ ਕੱਪੜੇ ਨਾਲ ਗੁੱਛਿਆਂ ਨੂੰ ਢੱਕ ਕੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

4. **ਪੱਤਾ ਵਲੇਟਣ ਵਾਲਾ ਕੀੜਾ** : ਇਹ ਕੀੜਾ ਪੱਤਿਆਂ ਨੂੰ ਵਲੇਟ ਲੈਂਦਾ ਹੈ ਅਤੇ ਅੰਦਰੋਂ ਪੱਤਿਆਂ ਨੂੰ ਖਾਈ ਜਾਂਦਾ ਹੈ। ਇਸ ਕੀੜੇ ਦੀ ਰੋਕਥਾਮ ਲਈ 500

ਮਿਲੀ ਲਿਟਰ ਥਾਇਓਡਾਨ 35 ਈ.ਸੀ. ਤਾਕਤ (ਐਂਡੋਸਲਫਾਨ) ਜਾਂ 500 ਮਿਲੀਲਿਟਰ ਮੈਲਾਥੀਆਨ 50 ਤਾਕਤ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਉਸ ਸਮੇਂ ਵਰਤਣੀ ਚਾਹੀਦੀ ਹੈ ਜਦੋਂ ਇਸ ਕੀੜੇ ਦਾ ਹੱਲਾ ਹੋਵੇ।

5. **ਵੇਲਾਂ ਨੂੰ ਪੱਤਿਆਂ ਤੋਂ ਰਹਿਤ ਕਰਨ ਵਾਲਾ ਕੀੜਾ** : ਇਹ ਪੱਤਿਆਂ ਵਿੱਚ ਮੋਰੀਆਂ (ਪਲੇਟ 7 ੳ) ਕਰ ਦਿੰਦਾ ਹੈ। ਇਹ ਕਦੀ-ਕਦੀ ਵੇਲਾਂ ਦੇ ਪੱਤੇ ਖਾ ਜਾਂਦਾ ਹੈ। ਜ਼ਿਆਦਾ ਹਮਲੇ ਨਾਲ ਵੇਲਾਂ ਪੱਤਿਆਂ ਤੋਂ ਰਹਿਤ ਹੋ ਜਾਂਦੀਆਂ ਹਨ। ਸ਼ਾਮ ਸਮੇਂ ਨੁਕਸਾਨ ਨਜ਼ਰ ਆਉਣ ਤੇ 1 ਕਿਲੋ ਕਾਰਬਰਿਲ (ਹੈਕਸਾਵਿਨ 50 ਘੁਲਣਸ਼ੀਲ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਨੁਕਸਾਨ ਆਉਣ ਮਗਰੋਂ ਤੁਰੰਤ ਛਿੜਕਾਅ ਕਰੋ। ਜੇ ਫਿਰ ਵੀ ਨੁਕਸਾਨ ਹੁੰਦਾ ਦਿਸੇ ਜਾਂ ਮੀਂਹ ਪੈਣ ਨਾਲ ਕੀਟਨਾਸ਼ਕ ਦਵਾਈ ਦਾ ਅਸਰ ਘੁਲ ਜਾਵੇ ਤਾਂ ਫਿਰ ਪੰਜ ਛੇ ਦਿਨਾਂ ਪਿੱਛੋਂ ਹੋਰ ਛਿੜਕਾਅ ਕਰੋ।

ਅ. ਬੀਮਾਰੀਆਂ :

1. **ਅੰਗੂਰਾਂ ਦੀਆਂ ਟਾਹਣੀਆਂ ਸੁੱਕਣ ਦਾ ਰੋਗ** : ਨਵੇਂ ਪੱਤਿਆਂ ਤੇ ਛੋਟੇ-ਛੋਟੇ ਹਲਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿੱਚ ਵੱਡੇ ਹੋ ਜਾਂਦੇ ਹਨ। ਇਨ੍ਹਾਂ ਦਾ ਰੰਗ ਗੂੜ੍ਹਾ ਭੂਰਾ (ਪਲੇਟ 8 ੳ) ਹੋ ਜਾਂਦਾ ਹੈ ਅਤੇ ਗੋਲੀਆਂ ਦੇ ਨਿਸ਼ਾਨ ਵਾਂਗ ਮੋਰੀਆਂ ਦਿਖਾਈ ਦਿੰਦੀਆਂ ਹਨ। ਗੰਭੀਰ ਹਮਲੇ ਦੀ ਹਾਲਤ ਵਿੱਚ ਪੱਤੇ ਝੜ ਜਾਂਦੇ ਹਨ। ਨਵੀਆਂ ਕਰੂੰਬਲਾਂ ਅਤੇ ਟਾਹਣੀਆਂ ਉੱਤੇ ਗੂੜ੍ਹੇ ਭੂਰੇ ਰੰਗ ਦੇ ਧਸੇ ਹੋਏ ਚਟਾਖ ਪੈ ਜਾਂਦੇ ਹਨ ਜੋ ਪਾਸਿਆਂ ਤੋਂ ਉੱਭਰੇ (ਪਲੇਟ 8 ਅ) ਹੋਏ ਦਿਖਾਈ ਦਿੰਦੇ ਹਨ। ਇਨ੍ਹਾਂ ਨਾਲ ਟਾਹਣੀਆਂ ਕਰੂੰਬਲਾਂ ਵਾਲੇ ਪਾਸੇ ਤੋਂ ਪਿੱਛੇ ਨੂੰ ਮਰਨੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਦੇ ਚਟਾਖ ਬੂਟੇ ਦੇ ਦੂਜੇ ਹਿੱਸੇ ਤੇ ਵੀ ਪੈ ਜਾਂਦੇ ਹਨ। ਬੀਮਾਰੀ ਵਧਣ ਯੋਗ ਹਾਲਤਾਂ ਵਿੱਚ ਗੂੜ੍ਹੇ ਭੂਰੇ ਰੰਗ ਦੇ ਦੱਬੇ ਹੋਏ ਚਟਾਖ ਅੰਗੂਰਾਂ ਦੇ ਗੁੱਛਿਆਂ (ਪਲੇਟ 8 ੲ) ਤੇ ਵੀ ਪੈ ਜਾਂਦੇ ਹਨ। ਫ਼ਲਾਂ ਉੱਤੇ ਇਹ ਚਟਾਖ ਪੰਛੀ ਦੀ ਅੱਖ ਵਾਂਗ ਨਜ਼ਰ ਆਉਂਦੇ ਹਨ।

ਇਸ ਬੀਮਾਰੀ ਦੀ ਰੋਕਥਾਮ ਸਲਾਨਾ ਹੇਠ ਲਿਖੇ ਅਨੁਸਾਰ ਕਰੋ :

1. ਜਨਵਰੀ - ਫ਼ਰਵਰੀ ਦੇ ਮਹੀਨੇ ਟਾਹਣੀਆਂ ਦੀ ਕਾਂਟ-ਛਾਂਟ ਤੋਂ ਬਾਅਦ ਸਿਥਲ ਅਵਸਥਾ ਵਿੱਚ ਇੱਕ ਛਿੜਕਾ ਬੋਰਡੋ ਮਿਸ਼ਰਣ (2:2:250) ਦਾ 125 ਲਿਟਰ ਪਾਣੀ ਵਿੱਚ, ਪ੍ਰਤੀ ਏਕੜ ਪਿਛੇ ਕਰੋ।

2. ਬੋਰਡੋ ਮਿਸ਼ਰਣ (2:2:250) ਦਾ ਇੱਕ ਛਿੜਕਾ 250 ਲਿਟਰ ਪਾਣੀ ਪ੍ਰਤੀ ਏਕੜ ਪਿੱਛੇ ਮਾਰਚ ਦੇ ਅਖ਼ੀਰਲੇ ਹਫ਼ਤੇ ਕਰੋ।

3. ਅਪ੍ਰੈਲ ਦੇ ਆਖਰੀ ਹਫ਼ਤੇ ਬਾਵਿਸਟਨ 50 ਘੁਲਣਸ਼ੀਲ 500 ਗ੍ਰਾਮ ਪ੍ਰਤੀ ਏਕੜ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।

4. ਮਈ ਦੇ ਆਖਰੀ ਹਫ਼ਤੇ ਬੋਰਡੋ ਮਿਸ਼ਰਣ (2:2:250) ਦਾ ਛਿੜਕਾ 400 ਲਿਟਰ ਪਾਣੀ ਪ੍ਰਤੀ ਏਕੜ ਪਿੱਛੇ ਕਰੋ।

5. ਜੁਲਾਈ ਦੇ ਅੱਧ ਵਿੱਚ 500 ਲਿਟਰ ਪਾਣੀ ਵਿੱਚ ਬਾਵਿਸਟਨ 50 ਘੁਲਣਸ਼ੀਲ 500 ਗ੍ਰਾਮ ਪ੍ਰਤੀ ਏਕੜ ਛਿੜਕੋ।

6. ਅਗਸਤ ਦੇ ਅੱਧ ਵਿੱਚ 500 ਲਿਟਰ ਪਾਣੀ ਵਿਚ ਬੋਰਡੋ ਮਿਸ਼ਰਣ (2:2:250) ਦਾ ਛਿੜਕਾ ਪ੍ਰਤੀ ਏਕੜ ਪਿੱਛੇ ਕਰੋ।

7. ਸਤੰਬਰ ਦੇ ਪਹਿਲੇ ਹਫ਼ਤੇ 500 ਲਿਟਰ ਪਾਣੀ ਵਿੱਚ 500 ਗ੍ਰਾਮ ਪ੍ਰਤੀ ਏਕੜ ਬਾਵਿਸਟਨ 50 ਘੁਲਣਸ਼ੀਲ ਛਿੜਕੋ।

2. **ਪੱਤਿਆਂ ਦੇ ਧੱਬਿਆਂ ਦਾ ਰੋਗ :** ਪੱਤਿਆਂ ਉੱਪਰ ਛੋਟੇ ਧੱਬੇ ਪੈ ਜਾਂਦੇ ਹਨ ਜੋ ਬਾਹਰੋਂ ਲਾਲ ਭੂਰੇ ਅਤੇ ਕੇਂਦਰ ਵੱਲੋਂ ਖੋਰੀ ਰੰਗੇ ਹੁੰਦੇ ਹਨ। ਇਸ ਰੋਗ ਦੀ ਰੋਕਥਾਮ ਲਈ ਟਾਹਣੀਆਂ ਸੁੱਕਣ ਦੇ ਰੋਗ ਵਾਂਗ ਹੀ ਉੱਲੀ ਨਾਸ਼ਕਾਂ ਦਾ ਛਿੜਕਾਅ ਕਰੋ।

3. **ਪੀਲੇ ਧੱਬਿਆਂ ਦਾ ਰੋਗ (ਡਾਊਨੀ ਮਿਲਡੀਊ) :** ਪੱਤਿਆਂ ਦੇ ਉੱਪਰ ਵਾਲੇ ਪਾਸੇ ਹਲਕੇ ਪੀਲੇ ਤੇਲ ਵਰਗੇ ਚਟਾਖ਼ ਪੈ ਜਾਂਦੇ ਹਨ ਜੋ ਥੱਲੇ ਵਾਲੇ ਪਾਸਿਉਂ ਚਿੱਟੀ ਉੱਲੀ ਨਾਲ ਢੱਕੇ ਹੁੰਦੇ ਹਨ। ਬਾਅਦ ਵਿੱਚ ਇਹ ਚਟਾਖ਼ ਭੂਰੇ ਰੰਗ ਦੇ ਭੁਰਭੁਰੇ ਹੋ ਜਾਂਦੇ ਹਨ। ਜ਼ਿਆਦਾ ਚਟਾਖ਼ਾਂ ਵਾਲੇ ਪੱਤੇ ਝੜ ਜਾਂਦੇ ਹਨ। ਮਾਰਚ-ਅਪ੍ਰੈਲ ਵਿੱਚ ਬੀਮਾਰੀ ਦਾ ਹਮਲਾ ਨਰਸਰੀ ਵਿੱਚ ਤੇ ਵੱਡੀਆਂ ਵੇਲਾਂ ਤੇ ਨਜ਼ਰ ਆਉਂਦਾ ਹੈ। ਅਗਸਤ-ਸਤੰਬਰ ਵਿੱਚ ਬਰਸਾਤ ਦੇ ਮੌਸਮ ਤੋਂ ਬਾਅਦ ਹਮਲਾ ਹੋਰ ਗੰਭੀਰ ਹੁੰਦਾ ਹੈ ਅਤੇ ਨਮੀ ਦੇ ਮੌਸਮ ਵਿੱਚ ਜਾਰੀ ਰਹਿੰਦਾ ਹੈ। ਇਸ ਦਾ ਅਸਰ ਨਵੇਂ ਫੁਟਾਰੇ ਤੇ ਵੀ ਪੈਂਦਾ ਹੈ। ਟਾਹਣੀਆ ਸੁੱਕਣ ਦੇ ਰੋਗ ਵਾਂਗ ਹੀ ਇਸ ਬੀਮਾਰੀ ਦਾ ਇਲਾਜ ਕਰੋ। ਅੱਧ ਸਤੰਬਰ ਵਿੱਚ ਇੱਕ ਹੋਰ ਛਿੜਕਾਅ ਬੋਰਡੋ ਮਿਸ਼ਰਣ (2:2:250) ਦਾ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ।

4. **ਪੈਰ ਤੇ ਤਣਾ ਗਲਣ ਦਾ ਰੋਗ :** ਛੋਟੀਆਂ-ਛੋਟੀਆਂ ਵੇਲਾਂ ਦੀਆਂ ਜੜ੍ਹਾਂ ਅਤੇ ਧਰਤੀ ਦੇ ਨੇੜੇ ਦੇ ਹਿੱਸੇ ਭੂਰੇ ਪੈ ਜਾਂਦੇ ਹਨ ਤੇ ਛਿੱਲ ਲੱਥਣ ਲੱਗ ਪੈਂਦੀ ਹੈ ਅਤੇ ਅੰਤ ਵਿੱਚ ਵੇਲ ਸੁੱਕ ਜਾਂਦੀ ਹੈ। ਕਲਮਾਂ ਲਗਾਉਣ ਵੇਲੇ ਉਨ੍ਹਾਂ ਨੂੰ 0.2% ਜ਼ੀਰਮ (2 ਗ੍ਰਾਮ ਇੱਕ ਲਿਟਰ ਪਾਣੀ) ਦੇ ਘੋਲ ਵਿੱਚ ਭਿਉਂ ਲੈਣਾ ਚਾਹੀਦਾ ਹੈ। ਕਲਮਾਂ ਨੂੰ ਲਗਾਉਣ ਤੋਂ ਪਹਿਲਾਂ ਟੋਇਆਂ ਦੀ ਮਿੱਟੀ ਨੂੰ ਕੈਪਟਾਨ 0.4 ਪ੍ਰਤੀਸ਼ਤ ਨਾਲ (400 ਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ) ਚੰਗੀ ਤਰ੍ਹਾਂ ਗੜੁੱਚ ਕਰੋ।

5. **ਚਿੱਟਾ ਰੋਗ :** ਇਸ ਰੋਗ ਦਾ ਅਸਰ ਵੇਲਾਂ ਦੇ ਜ਼ਮੀਨ ਤੇ ਬਾਹਰਲੇ ਸਾਰੇ ਹਿੱਸਿਆਂ ਉੱਪਰ ਹੁੰਦਾ ਹੈ। ਇਸ ਬੀਮਾਰੀ ਦੇ ਜ਼ਿਆਦਾ ਅਸਰ ਨਾਲ ਪੱਤੇ ਮੁੜ ਜਾਂਦੇ ਹਨ ਅਤੇ ਡਿੱਗ ਪੈਂਦੇ ਹਨ। ਇਸ ਉੱਲੀ ਨਾਲ ਪੀਲੇ ਧੱਬੇ ਪੱਤੇ ਦੇ ਉੱਪਰਲੇ ਹਿੱਸੇ ਤੇ ਪੈ ਜਾਂਦੇ ਹਨ। ਇਸ ਦਾ ਪੱਤਾ ਉਦੋਂ ਹੀ ਲੱਗਦਾ ਹੈ ਜਦੋਂ ਇਹ ਦਾਣੇ ਤੇ ਚਿੱਟੇ ਰੰਗ ਦੀ ਉੱਲੀ (ਪਲੇਟ 7 ਅ) ਬਣ ਜਾਂਦੀ ਹੈ। ਚਿੱਟੇ ਰੰਗ ਦੀ ਉੱਲੀ ਦਾ ਮਾਦਾ

ਪੱਤਿਆਂ, ਨਰਮ ਟਾਹਣੀਆਂ ਅਤੇ ਅੰਗੂਰਾਂ ਉੱਤੇ ਹੁੰਦਾ ਹੈ। ਰੋਗੀ ਟਾਹਣੀਆਂ ਤ੍ਰਾਲੀਆਂ ਪੈ ਜਾਂਦੀਆਂ ਹਨ। ਫੁੱਲ ਅਤੇ ਫ਼ਲ ਡਿੱਗ ਪੈਂਦੇ ਹਨ।

6. **ਅੰਗੂਰਾਂ ਦੇ ਗਲਣ ਦਾ ਰੋਗ** : ਅੰਗੂਰ ਜਦੋਂ ਹਾਲੇ ਵੇਲਾਂ ਉੱਤੇ ਹੀ ਹੁੰਦੇ ਹਨ ਤਾਂ ਇਹ ਰੋਗ ਲੱਗ ਜਾਂਦਾ ਹੈ। ਭੂੰਡ ਅੰਗੂਰਾਂ ਦਾ ਰਸ ਚੂਸ ਕੇ ਮੋਰੀਆਂ ਕਰਕੇ ਨੁਕਸਾਨ ਵਿੱਚ ਵਾਧਾ ਕਰ ਦਿੰਦੇ ਹਨ। ਇਨ੍ਹਾਂ ਮੋਰੀਆਂ ਵਿੱਚੋਂ ਜੋ ਰਸ ਦੂਜਿਆਂ ਅੰਗੂਰਾਂ ਉੱਤੇ ਡਿੱਗਦਾ ਹੈ ਇਸ ਰੋਗ ਦਾ ਕਾਰਨ ਬਣ ਜਾਂਦਾ ਹੈ। ਪਰਲਟ ਦੇ ਗੁੱਛੇ ਗੁੰਦਵੇਂ ਹੁੰਦੇ ਹਨ। ਜਦੋਂ ਅੰਗੂਰ ਆਕਾਰ ਵਿੱਚ ਵਧਦੇ ਹਨ ਤਾਂ ਕੁਝ ਅੰਗੂਰ ਫਿੱਸ ਜਾਂਦੇ ਹਨ ਤੇ ਉਨ੍ਹਾਂ ਦਾ ਰਸ ਦੂਜਿਆਂ ਅੰਗੂਰਾਂ ਤੇ ਡਿੱਗ ਕੇ ਵੀ ਇਸ ਰੋਗ ਦਾ ਕਾਰਨ ਬਣ ਜਾਂਦਾ ਹੈ। ਪਰਲਟ ਵਰਗੀਆਂ ਭਰਵੇਂ ਗੁੱਛਿਆਂ ਦੀਆਂ ਕਿਸਮਾਂ ਦੇ ਗੁੱਛੇ ਵਿਰਲੇ ਕਰੋ, ਜਿਵੇਂ ਫ਼ਲ ਮਿਆਰ ਸੁਧਾਰ ਵਿੱਚ ਦਰਸਾਇਆ ਗਿਆ ਹੈ। ਅੰਗੂਰਾਂ ਦੇ ਦਾਣਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਭੂੰਡਾਂ ਅਤੇ ਹੋਰ ਕੀੜਿਆਂ ਤੋਂ ਬਚਾਉਣ ਲਈ ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ ਕਰੋ। ਜੂਨ ਦੇ ਮਹੀਨੇ 0.2% ਜ਼ੀਰਮ, ਇੱਕ ਕਿਲੋ ਜ਼ੀਰਮ ਦਾ 500 ਲਿਟਰ ਪਾਣੀ ਵਿੱਚ ਘੋਲ ਤਿਆਰ ਕਰਕੇ ਸੱਤ ਦਿਨਾਂ ਦੇ ਫ਼ਰਕ ਨਾਲ ਛਿੜਕਾਅ ਕਰ ਦੇਣਾ ਚਾਹੀਦਾ ਹੈ। ਫ਼ਲ ਤੋੜਨ ਤੋਂ ਇੱਕ ਹਫ਼ਤਾ ਪਹਿਲਾਂ ਛਿੜਕਾਅ ਬੰਦ ਕਰ ਦਿਓ।

ਅੰਗੂਰਾਂ ਦੇ ਕੀੜੇ ਅਤੇ ਬੀਮਾਰੀਆਂ ਦੇ ਇਲਾਜ ਲਈ ਸਰਵਪੱਖੀ ਛਿੜਕਾਅ ਸੂਚੀ

ਮਹੀਨਾ	ਸਮੱਗਰੀ	500 ਲਿਟਰ ਪਾਣੀ ਵਿੱਚ ਦਵਾਈ ਦੀ ਮਾਤਰਾ	ਕੀੜੇ ਅਤੇ ਬੀਮਾਰੀਆਂ
ਫ਼ਰਵਰੀ (ਫੁੱਟਣ ਤੋਂ ਪਹਿਲਾਂ)	ਬੋਰਡੋ ਮਿਸ਼ਰਣ	2:2:250	ਟਾਹਣੀਆਂ ਸੁੱਕਣ ਜਾਂ ਮਰਨ ਦਾ ਰੋਗ
ਮਾਰਚ (ਪਹਿਲਾ ਹਫ਼ਤਾ)	ਮੈਲਾਥੀਆਨ 50 ਈ ਸੀ + ਬੈਲੇਟਾਨ ਜਾਂ ਟੋਪਾਜ਼	500 ਮਿ.ਲਿ. 200 ਗ੍ਰਾਮ	ਅੰਗੂਰਾਂ ਦੀ ਜੂੰ ਅਤੇ ਚਿੱਟਾ ਰੋਗ
ਮਾਰਚ (ਆਖ਼ਰੀ ਹਫ਼ਤਾ)	ਬੋਰਡੋ ਮਿਸ਼ਰਣ	2:2:250	ਟਾਹਣੀਆਂ ਸੁੱਕਣ ਦਾ ਰੋਗ, ਪੱਤਿਆਂ ਦੇ ਧੱਬਿਆਂ ਦਾ ਰੋਗ ਅਤੇ ਚਿੱਟਾ ਰੋਗ
ਅਪ੍ਰੈਲ (ਅੱਧ)	ਘੁਲਣਸ਼ੀਲ ਗੰਧਕ ਜਾਂ ਬੈਲੇਟਾਨ ਜਾਂ ਟੋਪਾਜ਼, ਬਾਵਿਸਟਨ	1.25 ਕਿਲੋ, 200 ਗ੍ਰਾਮ/200 ਮਿ.ਲਿ., 500 ਗ੍ਰਾਮ	ਚਿੱਟਾ ਰੋਗ, ਟਾਹਣੀਆਂ ਸੁੱਕਣ ਦਾ ਰੋਗ, ਪੱਤੇ ਦੇ ਧੱਬਿਆਂ ਦਾ ਰੋਗ

1	2	3	4
ਅਪ੍ਰੈਲ (ਆਖ਼ਰੀ ਹਫ਼ਤਾ)	ਮੈਲਾਥਿਆਨ 50 ਈ ਸੀ	500 ਮਿ. ਲੀ.	ਵੇਲ ਦੀ ਜੂੰ
ਮਈ (ਪਹਿਲਾ ਹਫ਼ਤਾ)	ਬੋਰਡੋ ਮਿਸ਼ਰਣ ਬੈਲੇਟਾਨ ਜਾਂ ਟੋਪਾਜ਼	2:2:250 200 ਗ੍ਰਾਮ/ 200 ਮਿ.ਲਿ.	ਟਾਹਣੀਆਂ ਸੁੱਕਣ ਦਾ ਰੋਗ ਅਤੇ ਚਿੱਟਾ ਰੋਗ
ਜੂਨ (ਪਹਿਲਾ ਹਫ਼ਤਾ)	ਜ਼ੀਰਮ	1 ਕਿਲੋ	ਅੰਗੂਰ ਗਲਣ ਦਾ ਰੋਗ
ਜੁਲਾਈ (ਫ਼ਲ ਤੋੜਨ ਪਿੱਛੋਂ)	ਹੈਕਸਾਵਿਨ 50 ਘੁਲਣਸ਼ੀਲ, ਬਾਵਿਸਟਨ 50 ਘੁਲਣਸ਼ੀਲ	1.5 ਕਿਲੋ, 500 ਗ੍ਰਾਮ	ਤੇਲਾ, ਕੁਤਰਾ, ਭੂੰਡੀ, ਪੱਤਾ ਲਪੇਟ ਸੁੰਡੀ, ਟਾਹਣੀਆਂ ਸੁੱਕਣ ਦਾ ਰੋਗ ਅਤੇ ਪੱਤਿਆਂ ਦੇ ਧੱਬਿਆਂ ਦਾ ਰੋਗ
ਅਗਸਤ (ਅੱਧ)	ਬੋਰਡੋ ਮਿਸ਼ਰਣ	2:2:250	ਟਾਹਣੀਆਂ ਸੁੱਕਣ ਦਾ ਰੋਗ, ਪੱਤਿਆਂ ਦੇ ਧੱਬਿਆਂ ਦਾ ਰੋਗ ਅਤੇ ਡਾਊਨੀ ਮਿਲਡਿਊ
ਸਤੰਬਰ (ਪਹਿਲਾ ਹਫ਼ਤਾ)	ਹੈਕਸਾਵਿਨ 50 ਘੁਲਣਸ਼ੀਲ, ਬਾਵਿਸਟਨ 50 ਘੁਲਣਸ਼ੀਲ	1.5 ਕਿਲੋ, 500 ਗ੍ਰਾਮ	ਤੇਲਾ, ਜੂੰ, ਪੱਤਿਆਂ ਦੇ ਧੱਬਿਆਂ ਦਾ ਰੋਗ / ਡਾਊਨੀ ਮਿਲਡਿਊ
ਸਤੰਬਰ (ਅੱਧ)	ਬੋਰਡੋ ਮਿਸ਼ਰਣ	2:2:250	ਟਾਹਣੀਆਂ ਸੁੱਕਣ ਦਾ ਰੋਗ, ਪੱਤਿਆਂ ਦੇ ਧੱਬਿਆਂ ਦਾ ਰੋਗ, ਡਾਊਨੀ ਮਿਲਡਿਊ।

* ਰਸਾਇਣ ਜਿਸ ਤਰ੍ਹਾਂ ਇੱਕ ਛਿੜਕਾਅ ਦੇ ਸਾਹਮਣੇ ਦਿੱਤੇ ਗਏ ਇੱਕ ਦੂਜੇ ਨਾਲ ਮੇਲ ਖਾਂਦੇ ਹਨ ਅਤੇ ਰਲਾ ਕੇ ਕੀਤੇ ਜਾ ਸਕਦੇ ਹਨ।
* ਪਰਲਟ ਕਿਸਮ ਵਿੱਚ ਕਾਰਬਰਿਲ ਦੀ ਵਰਤੋਂ ਕਰੋ। ਇਹ ਦਵਾਈ ਫ਼ਲ ਵਿਰਲਾ ਕਰਨ ਵਿੱਚ ਵੀ ਮਦਦ ਕਰਦੀ ਹੈ।
* ਜੇਕਰ ਜ਼ਿੰਕ ਦੀ ਘਾਟ ਨਜ਼ਰ ਆਏ ਤਾਂ 3 ਕਿਲੋ ਜ਼ਿੰਕ ਸਲਫੇਟ ਅਤੇ 1.5 ਕਿਲੋ ਅਣਘੁਲੇ ਚੂਨੇ ਦਾ ਛਿੜਕਾਅ ਕਰੋ।

ਅਧਿਆਏ-10

ਅੰਗੂਰਾਂ ਦੀਆਂ ਹੋਰ ਸਮੱਸਿਆਵਾਂ

ਕੀੜੇ-ਮਕੌੜੇ ਅਤੇ ਬੀਮਾਰੀਆਂ ਤੋਂ ਇਲਾਵਾ ਅੰਗੂਰਾਂ ਦੀਆਂ ਕੁਝ ਹੋਰ ਸਮੱਸਿਆਵਾਂ ਜਿਵੇਂ ਕਿ ਵਾਟਰ ਬੇਰੀ ਅਤੇ ਸ਼ੌਟ ਬੇਰੀ ਆਮ ਦੇਖਣ ਵਿੱਚ ਆਉਂਦੀਆਂ ਹਨ। ਜੇ ਇਨ੍ਹਾਂ ਦਾ ਸਮੇਂ ਸਿਰ ਯੋਗ ਇਲਾਜ ਨਾ ਕੀਤਾ ਜਾਵੇ ਤਾਂ ਪੱਕਣ ਸਮੇਂ ਇਨ੍ਹਾਂ ਸਮੱਸਿਆਵਾਂ ਦੇ ਸ਼ਿਕਾਰ ਗੁੱਛਿਆਂ ਦਾ ਭਾਅ ਤੰਦਰੁਸਤ ਗੁੱਛਿਆਂ ਦੇ ਮੁਕਾਬਲੇ ਅੱਧ ਨਾਲੋਂ ਵੀ ਘੱਟ ਜਾਂਦਾ ਹੈ।

1. **ਵਾਟਰ ਬੇਰੀ** : ਇਸ ਨਾਲ ਗੁੱਛੇ ਦੇ ਸਿਰੇ ਤੇ ਦਾਣੇ ਸੁੱਕਣੇ (ਪਲੇਟ 9 ੳ ਅਤੇ 9 ਅ) ਸ਼ੁਰੂ ਹੋ ਜਾਂਦੇ ਹਨ ਅਤੇ ਦਾਣਿਆਂ ਦਾ ਸੁੱਕਣਾ ਗੁੱਛੇ ਦੇ ਵਿੱਚ ਵੀ ਹੋ ਸਕਦਾ ਹੈ। ਇਸ ਤਰ੍ਹਾਂ ਦੇ ਚਿੰਨ੍ਹ ਆਮ ਤੌਰ ਤੇ ਉੱਥੇ ਹੀ ਆਉਂਦੇ ਹਨ ਜਿੱਥੇ ਬਹੁਤ ਜ਼ਿਆਦਾ ਨਾਈਟ੍ਰੋਜਨ ਖਾਦ ਦੀ ਵਰਤੋਂ ਕੀਤੀ ਗਈ ਹੋਵੇ ਜਾਂ ਵੇਲ ਤੇ ਬਹੁਤ ਜ਼ਿਆਦਾ ਗੁੱਛੇ ਲੱਗੇ ਹੋਣ। ਇਸ ਨੂੰ ਹੱਲ ਕਰਨ ਲਈ ਲੋੜ ਮੁਤਾਬਕ ਖਾਦ ਅਤੇ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ।

2. **ਸ਼ੌਟ ਬੇਰੀ** : ਅੰਗੂਰਾਂ ਦੀਆਂ ਜ਼ਿਆਦਾ ਗੁੰਦਵੀਆਂ ਕਿਸਮਾਂ ਜਿਵੇਂ ਕਿ ਪਰਲਟ ਆਦਿ ਵਿੱਚ ਜੇ ਗੁੱਛੇ ਵਿਰਲੇ ਨਾ ਕੀਤੇ ਜਾਣ ਤਾਂ ਪੱਕਣ ਸਮੇਂ ਅੰਗੂਰਾਂ ਦਾ ਆਕਾਰ ਗੁੱਛੇ ਵਿੱਚ ਇਕੋ ਜਿਹਾ ਨਹੀਂ ਹੁੰਦਾ। ਗੁੱਛੇ ਵਿੱਚ ਕੁਝ ਦਾਣੇ ਵੱਡੇ ਅਤੇ ਕੁਝ ਬਹੁਤ ਛੋਟੇ (ਪਲੇਟ 9 ੲ) ਰਹਿ ਜਾਂਦੇ ਹਨ। ਸੋ ਇੱਕ ਗੁੱਛੇ ਵਿੱਚ ਸਾਰੇ ਦਾਣਿਆਂ ਦੀ ਮਿਠਾਸ ਵੀ ਇਕੋ ਜਿਹੀ ਨਹੀਂ ਹੁੰਦੀ। ਗੁੱਛੇ ਵਿੱਚ ਘੱਟ ਵਧਣ ਵਾਲੇ ਇਨ੍ਹਾਂ ਛੋਟੇ ਦਾਣਿਆਂ ਨੂੰ 'ਸ਼ੌਟ ਬੇਰੀ' ਵੀ ਆਖਿਆ ਜਾਂਦਾ ਹੈ। ਫੁੱਲ ਖੁੱਲਣ ਤੋਂ ਇੱਕ ਹਫ਼ਤਾ ਪਹਿਲਾਂ ਜੇ ਫੁੱਲ ਡੋਡੀਆਂ ਨੂੰ ਵਿਰਲਾ ਕੀਤਾ ਜਾਵੇ ਤਾਂ ਸ਼ੌਟ ਬੇਰੀ ਦੀ ਸਮੱਸਿਆ ਕਾਫੀ ਘੱਟ ਜਾਂਦੀ ਹੈ।

ਅੰਗੂਰਾਂ ਦੀਆਂ ਇਨ੍ਹਾਂ ਸਮੱਸਿਆਵਾਂ ਦਾ ਜੇ ਸਮੇਂ ਸਿਰ ਹੱਲ ਕੀਤਾ ਜਾਵੇ ਤਾਂ ਜ਼ਿਮੀਂਦਾਰ ਭਰਾ ਅੰਗੂਰਾਂ ਦੇ ਬਾਗਾਂ ਵਿੱਚੋਂ ਚੰਗੀ ਮਿਠਾਸ ਵਾਲੇ ਅਤੇ ਤੰਦਰੁਸਤ ਫ਼ਲ ਲੈ ਸਕਦੇ ਹਨ। ਸੋ ਇਸ ਤਰ੍ਹਾਂ ਮੰਡੀ ਵਿੱਚ ਅੰਗੂਰਾਂ ਦਾ ਭਾਅ ਵੀ ਚੰਗਾ ਮਿਲ ਜਾਂਦਾ ਹੈ।

ਅਧਿਆਏ - 11

ਅੰਗੂਰ ਪੈਦਾ ਕਰਨ ਦਾ ਹਿਸਾਬ-ਕਿਤਾਬ

ੳ) ਪੱਕੇ ਖਰਚੇ (ਪ੍ਰਤੀ ਏਕੜ)

ਲੜੀ. ਨੰ.		ਰੁਪਏ
1	ਟਰੇਨਿੰਗ ਸਿਸਟਮ ਲਗਾਉਣ ਦਾ ਖ਼ਰਚਾ	1,50,000
2	ਵੇਲਾਂ ਦੀ ਕੀਮਤ - 15 ਰੁਪਏ ਪ੍ਰਤੀ ਵੇਲ	6660
3.	ਵੇਲਾਂ ਦੀ ਨਿਸ਼ਾਨਦੇਹੀ, ਟੋਇਆਂ ਦੀ ਪੁਟਾਈ ਅਤੇ ਭਰਾਈ, ਰੂੜੀ, ਸਿੰਚਾਈ ਆਦਿ ਦਾ ਖ਼ਰਚਾ	8000
4.	ਫੁਟਕਲ	2000
	ਕੁੱਲ	1,66,660
	ਹਰ ਸਾਲ ਲਈ ਪੱਕੇ ਖ਼ਰਚੇ	19,999

ਅ) ਕੱਚੇ ਖਰਚੇ (ਪ੍ਰਤੀ ਏਕੜ)

ਲੜੀ. ਨੰ.		ਰੁਪਏ
1	ਵੇਲਾਂ ਦੀ ਕਾਂਟ-ਛਾਂਟ	1584
2	ਨਦੀਨਾਂ ਦੀ ਰੋਕਥਾਮ ਅਤੇ ਸਿੰਚਾਈ	2606
3	ਗੁਣਵਾਨਤਾ ਸੁਧਾਰ	6030
4	ਖਾਦਾਂ ਦੀ ਕੀਮਤ	14433
5	ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਦਵਾਈਆਂ ਦੀ ਕੀਮਤ	5391
6	ਰਖਵਾਲੀ	3000
7	ਫ਼ਲਾਂ ਦੀ ਤੁੜਾਈ, ਦਰਜ਼ਾਬੰਦੀ, ਡੱਬਾ-ਬੰਦੀ ਅਤੇ ਮੰਡੀਕਰਨ	13501
	ਕੁੱਲ	46,545

ੲ) ਇੱਕ ਏਕੜ ਲਈ ਇੱਕ ਸਾਲ ਦੇ ਕੁੱਲ ਖ਼ਰਚੇ

ਲੜੀ. ਨੰ.		ਰੁਪਏ
1	ਪੱਕੇ ਖ਼ਰਚੇ	19,999
2	ਕੱਚੇ ਖ਼ਰਚੇ	46,545
3	ਜ਼ਮੀਨ ਦਾ ਠੇਕਾ	10,000
	ਕੁੱਲ ਖ਼ਰਚੇ	76,545
ਸ) ਆਮਦਨ		
1	ਔਸਤ ਝਾੜ ਪ੍ਰਤੀ ਵੇਲ	25 ਕਿਲੋ ਗ੍ਰਾਮ
2	ਕੁੱਲ ਝਾੜ ਪ੍ਰਤੀ ਏਕੜ	110 ਕਵਿੰਟਲ
3	ਏ ਗਰੇਡ ਫ਼ਲ - ਕੁਲ ਝਾੜ ਦਾ 70%	77 ਕਵਿੰਟਲ
	ਬੀ ਗਰੇਡ ਫ਼ਲ - ਕੁਲ ਝਾੜ ਦਾ 30%	33 ਕਵਿੰਟਲ
4	ਮੁੱਲ ਪ੍ਰਤੀ ਕਿਲੋ	
	ਗਰੇਡ ਏ - ਰੁਪਏ 12/- ਪ੍ਰਤੀ ਕਿਲੋ*	ਰੁਪਏ 92,400/-
	ਗਰੇਡ ਬੀ - ਰੁਪਏ 6/- ਪ੍ਰਤੀ ਕਿਲੋ	ਰੁਪਏ 19,800/-
5	ਕੁੱਲ ਵੱਟਕ	1,12,200/-
6	ਕੁੱਲ ਖਰਚੇ	76,544/-
7	ਅਸਲ ਲਾਭ ਪ੍ਰਤੀ ਏਕੜ	
	(ਕੁੱਲ ਵੱਟਕ - ਕੁਲ ਖਰਚੇ)	35,656/-
8	ਅਸਲ ਲਾਭ ਪ੍ਰਤੀ ਹੈਕਟੇਅਰ	89,140/-

* ਮਿਆਰ ਸੁਧਾਰ ਅਤੇ ਯੂਨੀਵਰਸਿਟੀ ਦੀਆਂ ਹੋਰ ਸਿਫ਼ਾਰਸ਼ਾਂ ਅਪਨਾਉਣ ਨਾਲ ਅੰਗੂਰਾਂ ਦਾ ਭਾਅ।

ਸਾਲ ਭਰ ਦੇ ਕੰਮਾਂ ਦਾ ਕੈਲੰਡਰ

ਜਨਵਰੀ	ਕਾਂਟ ਛਾਂਟ, ਕਲਮਾਂ ਬਣਾਉਣੀਆਂ, ਨਵੇਂ ਬੂਟੇ ਲਾਉਣਾ ਅਤੇ ਪਿਓਂਦ ਕਰਨਾ।
ਫਰਵਰੀ	ਕਾਂਟ ਛਾਂਟ (ਅੱਧ ਫਰਵਰੀ ਤੱਕ), ਕਲਮਾਂ ਲਾਉਣੀਆਂ, ਨਵੇਂ ਬੂਟੇ ਲਾਉਣਾ ਅਤੇ ਪਹਿਲੇ ਹਫ਼ਤੇ ਵਿੱਚ ਸਿੰਚਾਈ ਕਰਨਾ।
ਮਾਰਚ	ਪਹਿਲੇ ਹਫ਼ਤੇ ਵਿੱਚ ਸਿੰਚਾਈ, ਫੁੱਲ ਡੋਡੀਆਂ ਨੂੰ ਖੁੱਲ੍ਹਣ ਤੋਂ ਪਹਿਲਾਂ ਬੁਰਸ਼ ਨਾਲ ਵਿਰਲਾ ਕਰਨਾ, ਆਖ਼ਰੀ ਹਫ਼ਤੇ ਵਿੱਚ ਚਿੱਪ ਬੱਡ ਝੜਾਉਣੀ।
ਅਪ੍ਰੈਲ	ਅੱਧੀ ਨਾਈਟਰੋਜਨ ਅਤੇ ਅੱਧੀ ਪੋਟਾਸ਼ ਖਾਦ ਪਾਉਣੀ, ਵੇਲਾਂ ਦੇ ਮੁੱਖ ਤਣੇ ਤੋਂ 2 ਐਮ.ਐਮ. ਦਾ ਛੱਲਾ ਉਤਾਰਨਾ, ਜੀ.ਏ. ਵਿੱਚ ਗੁੱਛਿਆਂ ਨੂੰ ਦੋ ਵਾਰ ਇੱਕ ਹਫਤੇ ਦੇ ਵਕਫ਼ੇ ਤੇ ਡੋਬਾ ਦੇਣਾ।
ਮਈ	ਹਫਤੇ ਦੇ ਵਕਫ਼ੇ ਤੇ ਸਿੰਚਾਈ ਕਰਨਾ, ਆਖਰੀ ਹਫ਼ਤੇ ਵਿੱਚ ਅੰਗੂਰਾਂ ਦੀ ਤੁੜਾਈ ਅਤੇ ਡੱਬਾਬੰਦੀ ਕਰਨੀ।
ਜੂਨ	ਸਿੰਚਾਈ 3-4 ਦਿਨ ਦੇ ਵਕਫ਼ੇ ਤੇ ਕਰਨੀ, ਰਹਿੰਦੀ ਤੁੜਾਈ ਕਰਨੀ, ਪੀਲੇ ਅਤੇ ਲਾਲ ਭੂੰਡਾਂ ਤੋਂ ਬਚਾਓ ਕਰਨਾ, ਅੰਗੂਰਾਂ ਦੀ ਡੱਬਾ ਬੰਦੀ ਅਤੇ ਮੰਡੀਕਰਨ। ਨਵੇਂ ਬਾਗ ਲਾਉਣ ਲਈ ਟੋਏ ਵੀ ਇਸੇ ਮਹੀਨੇ ਵਿੱਚ ਕੱਢਣੇ ਚਾਹੀਦੇ ਹਨ।
ਜੁਲਾਈ	ਨਦੀਨਾਂ ਦੀ ਰੋਕਥਾਮ, ਕੁਤਰਾ ਭੂੰਡੀ ਅਤੇ ਅੰਗੂਰਾਂ ਦੀਆਂ ਟਾਹਣੀਆਂ ਸੁੱਕਣ ਦੇ ਰੋਗ ਲਈ ਰੋਕਥਾਮ।
ਅਗਸਤ	ਤਕਰੀਬਨ ਜੁਲਾਈ ਮਹੀਨੇ ਵਾਲੇ ਕੰਮ ਹੀ ਕਰਨੇ ਪੈਂਦੇ ਹਨ।
ਸਤੰਬਰ	ਅੰਗੂਰਾਂ ਦੀਆਂ ਵੇਲਾਂ ਦੀ ਜੂੰ ਤੋਂ ਰੋਕਥਾਮ
ਅਕਤੂਬਰ	-
ਨਵੰਬਰ	-
ਦਸੰਬਰ	ਅਗੇਤੀ ਫ਼ਸਲ ਲੈਣ ਲਈ ਆਖ਼ਰੀ ਹਫ਼ਤੇ ਵਿੱਚ ਕਾਂਟ-ਛਾਂਟ ਕਰੋ ਅਤੇ ਰੂੜੀ ਦੀ ਖਾਦ ਵੀ ਅੰਗੂਰਾਂ ਦੇ ਬੂਟਿਆਂ ਨੂੰ ਪਾਓ।

